@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 18 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 18 ਅਗਸਤ 2024, 2 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 282, qpatrika@gmail.com ਫੋਨ : 9971359517 www.qaumipatrika.org

ਵਿਰੋਧੀ ਧਿਰ ਦਾ ਨੇਤਾ ਸਿਰਫ ਸੰਵਿਧਾਨਕ ਅਹੁਦਾ ਨਹੀਂ, ਕਰੋੜਾਂ ਭਾਰਤੀਆਂ ਦੀ ਆਵਾਜ ਹੈ : ਰਾਹੁਲ

ਨਵੀਂ ਦਿੱਲੀ 17 ਅਗਸਤ। ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਸੰਸਦ 'ਚ ਵਿਰੋਧੀ ਧਿਰ ਦਾ ਨੇਤਾ ਹੋਣਾ ਸਿਰਫ ਸੰਵਿਧਾਨਕ ਅਹੁਦੇ ਦੀ ਜਿੰਮੇਵਾਰੀ ਨਹੀਂ ਹੈ ਸਗੋਂ ਇਹ ਕਰੋੜਾਂ ਭਾਰਤੀਆਂ ਦੀ ਆਵਾਜ ਵੀ ਹੈ। ਰਾਹੁਲ ਨੇ ਕਿਹਾ,"ਇਹ ਸਿਰਫ ਇਕ ਸੰਵਿਧਾਨਕ ਅਹੁਦਾ ਨਹੀਂ ਹੈ- ਇਹ ਕਰੋੜਾਂ ਭਾਰਤੀਆਂ ਦੀ ਆਵਾਜ ਹੈ। ਵਿਰੋਧੀ ਧਿਰ ਦੇ ਨੇਤਾ ਵਜੋਂ ਮੈਂ ਆਪਣੀ ਪਹਿਲੀ ਜਿੰਮੇਵਾਰੀ ਮੰਨਦਾ ਹਾਂ, ਭਾਰਤ ਦੇ ਗਰੀਬਾਂ, ਵਾਂਝੇ ਅਤੇ ਪੀੜਤਾਂ ਦੀਆਂ ਤਕਲੀਫਾਂ ਸੁਣਨਾ, ਉਨ੍ਹਾਂ ਦੀਆਂ ਸਮੱਸਿਆਵਾਂ ਜਾਣਨਾ

ਅਤੇ ਉਨ੍ਹਾਂ ਦਾ ਹੱਲ ਕੱਢਣਾ ਅਤੇ ਫਿਰ ਸੜਕ ਤੋਂ ਲੈ ਕੇ ਸੰਸਦ ਤੱਕ ਉਨ੍ਹਾਂ ਦੀ ਆਵਾਜ ਚੁੱਕ ਕੇ ਸਰਕਾਰ 'ਤੇ ਦਬਾਅ ਪਾਉਂਦੇ ਹੋਏ ਇਨ੍ਹਾਂ ਦਾ ਨਿਪਟਾਰਾ ਕਰਨਾ ਹੈ।" ਉਨ੍ਹਾਂ ਕਿਹਾ,"ਬੀਤੇ 50 ਦਿਨਾਂ 'ਚ, ਮੈਂ ਸਮੱਸਿਆਵਾਂ ਨਾਲ ਜੂਝ ਰਹੇ ਕਈ ਲੋਕਾਂ ਨਾਲ, ਭਾਈਚਾਰਿਆਂ ਨਾਲ ਮੁਲਾਕਾਤ ਕੀਤੀ। ਸਾਰਿਆਂ ਨੇ ਦਿਲ ਖੋਲ੍ਹ ਕੇ ਆਪਣੀਆਂ ਗੱਲਾਂ ਰੱਖੀਆਂ ਅਤੇ ਮੈਂ ਪੂਰੀ ਗੰਭੀਰਤਾ ਨਾਲ ਉਨ੍ਹਾਂ ਦੀਆਂ ਗੱਲਾਂ ਸੁਣੀਆਂ। ਹਰ ਸਮੂਹ ਦੇ ਮੁੱਦੇ ਸਰਕਾਰ ਦੇ ਸਾਹਮਣੇ ਰੱਖੇ, ਉਨ੍ਹਾਂ ਦਾ ਹੱਲ ਪੇਸ਼ ਕੀਤਾ ਅਤੇ ਆਪਣੇ ਸਾਥੀ ਭਾਰਤੀਆਂ ਨੂੰ ਇਹ ਭਰੋਸਾ ਦਿੱਤਾ ਕਿ ਉਹ ਜੋ ਵੀ ਹਨ, ਉਨ੍ਹਾਂ ਦੀਆਂ ਜੋ ਵੀ ਮਜਬੂਰੀਆਂ ਹੋਣ, ਉਨ੍ਹਾਂ ਦੀਆਂ ਗੱਲਾਂ ਸੁਣੀਆਂ ਜਾਣਗੀਆਂ, ਉਨ੍ਹਾਂ ਨੂੰ ਜਾਹਰ ਕਰਨ ਦਾ ਉੱਚਿਤ ਪਲੇਟਫਾਰਮ ਮਿਲੇਗਾ।" ਰਾਹੁਲ ਨੇ ਕਿਹਾ,"ਵਿਰੋਧੀ ਧਿਰ ਜਾਂ ਸੱਤਾ, ਜਿੱਥੇ ਵੀ ਰਹਾਂਗਾ, ਤੁਹਾਡਾ ਹਾਂ, ਤੁਹਾਡਾ ਹੀ ਰਹਾਂਗਾ- ਭਾਰਤ ਅਤੇ ਭਾਰਤੀਆਂ ਦੀ ਆਵਾਜ ਬੁਲੰਦ ਕਰਨਾ ਰਹਾਂਗਾ।"

'35 ਸਾਲਾਂ ਤਕ ਹੋਰ ਸੱਤਾ 'ਚ ਰਹੇਗੀ ਭਾਜਪਾ'

ਨਵੀਂ ਦਿੱਲੀ 17 ਅਗਸਤ। ਸਨੀਵਾਰ ਨੂੰ ਦਿੱਲੀ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਅਧਿਕਾਰੀਆਂ ਦੀ ਬੈਠਕ ਹੋਈ। ਇਸ ਬੈਠਕ 'ਚ ਭਾਜਪਾ ਪ੍ਰਧਾਨ ਜੇਪੀ ਨੱਡਾ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਵੀ ਮੌਜੂਦ ਸਨ। ਬੈਠਕ ਤੋਂ ਬਾਅਦ ਅਮਿਤ ਸਾਹ ਨੇ ਕਿਹਾ ਕਿ ਭਾਜਪਾ 35 ਸਾਲ ਹੋਰ ਸੱਤਾ 'ਚ ਰਹੇਗੀ। ਭਾਜਪਾ ਨੂੰ 35 ਸਾਲਾਂ ਤੱਕ ਸੱਤਾ ਤੋਂ ਕੋਈ ਨਹੀਂ ਹਟਾ ਸਕਦਾ। ਸਾਹ ਨੇ ਕਿਹਾ ਕਿ ਭਾਜਪਾ ਦੀਆਂ ਜੜ੍ਹਾਂ ਮਜਬੂਤ ਹਨ, ਸੰਗਠਨ ਮਜਬੂਤ ਹੈ। ਜਿੱਥੇ ਭਾਜਪਾ ਸੱਤਾ ਵਿੱਚ ਹੈ, ਉੱਥੋਂ ਜਾਂਦੀ ਨਹੀਂ। ਕਾਂਗਰਸ 'ਤੇ ਨਿਸਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਕਾਂਗਰਸ ਜਿੱਥੇ ਵੀ ਜਾਂਦੀ ਹੈ, ਉਥੇ ਕਦੇ ਵਾਪਸ ਨਹੀਂ ਆਉਂਦੀ। ਤੁਹਾਨੂੰ ਦੱਸ ਦੇਈਏ ਕਿ ਚੋਣ ਕਮਿਸਨ ਨੇ ਸ਼ੁੱਕਰਵਾਰ ਨੂੰ ਹਰਿਆਣਾ ਅਤੇ ਜੰਮੂ-ਕਸਮੀਰ ਵਿੱਚ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਇਸ ਤੋਂ ਬਾਅਦ ਭਾਜਪਾ 'ਚ ਮੀਟਿੰਗਾਂ ਦਾ ਦੌਰ ਜਾਰੀ ਹੈ।

ਮਹਿਲਾ ਡਾਕਟਰ ਨਾਲ ਗੈਂਗਰੇਪ ਅਤੇ ਕਤਲ ਮਾਮਲਾ; ਸੁਪਰੀਮ ਕੋਰਟ 'ਚ ਦਾਇਰ ਕੀਤੀ ਗਈ ਪਟੀਸ਼ਨ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 17 ਅਗਸਤ। ਪੱਛਮੀ ਬੰਗਾਲ ਦੇ ਕੋਲਕਾਤਾ ਆਰ. ਜੀ. ਕਰ ਮੈਡੀਕਲ ਕਾਲਜ ਵਿਚ ਇਕ ਪੋਸਟ ਗਰੈਜੂਏਟ ਟ੍ਰੇਨੀ ਮਹਿਲਾ ਡਾਕਟਰ ਨਾਲ ਗੈਂਗਰੇਪ ਮਗਰੋਂ ਉਸ ਦੇ ਕਤਲ ਦੇ ਮਾਮਲੇ ਵਿਚ ਨੋਟਿਸ ਲੈ ਕੇ ਕਾਰਵਾਈ ਸ਼ੁਰੂ ਕਰਨ ਲਈ ਸੁਪਰੀਮ ਕੋਰਟ 'ਚ ਇਕ ਪੱਤਰ ਪਟੀਸ਼ਨ ਦਾਇਰ ਕੀਤੀ ਗਈ ਹੈ। ਚੀਫ ਜਸਟਿਸ ਡੀ. ਵਾਈ. ਚੰਦਰਚੂੜ ਨੂੰ ਭੇਜੇ ਪੱਤਰ ਪਟੀਸ਼ਨ 'ਚ ਸਿਕੰਦਰਾਬਾਦ ਦੇ ਆਰਮੀ ਕਾਲਜ ਆਫ ਡੈਂਟਲ ਸਾਇੰਸੇਜ ਦੀ ਬੀ. ਡੀ. ਐੱਸ. ਡਾ. ਮੋਨਿਕਾ ਸਿੰਘ ਨੇ ਕੋਲਕਾਤਾ ਵਿਚ 9 ਅਗਸਤ ਨੂੰ ਮਹਿਲਾ ਡਾਕਟਰ ਨਾਲ ਸ਼ਰਮਸਾਰ ਕਰਨ ਵਾਲੀ ਘਟਨਾ ਅਤੇ ਉਸ ਤੋਂ ਬਾਅਦ 14 ਅਗਸਤ ਨੂੰ ਆਰ. ਜੀ. ਕਰ ਮੈਡੀਕਲ ਕਾਲਜ 'ਤੇ ਹੋਏ ਹਮਲੇ ਦੀ ਵੀ ਨਿਰਪੱਖ ਜਾਂਚ ਯਕੀਨੀ ਕਰਨ ਦੀ ਅਪੀਲ ਕੀਤੀ ਹੈ। ਪਟੀਸ਼ਨ ਵਿਚ ਕੋਲਕਾਤਾ ਦੇ ਉਸ ਕਾਲਜ 'ਚ ਹਾਲ ਹੀ ਵਿਚ ਹੋਈਆਂ ਘਟਨਾਵਾਂ 'ਤੇ ਝਾਨਣਾ ਪਾਉਂਦੇ ਹੋਏ ਮੈਡੀਕਲ ਪੇਸ਼ੇਵਰਾਂ 'ਤੇ ਹਮਲਿਆਂ ਦੀਆਂ ਕਈ ਘਟਨਾਵਾਂ ਦਾ ਜਿਕਰ ਕਰਦਿਆਂ ਮੋਨਿਕਾ ਸਿੰਘ ਨੇ ਕਿਹਾ ਕਿ ਮੈਡੀਕਲ ਪੇਸ਼ੇਵਰਾਂ 'ਤੇ ਹਮਲਿਆਂ ਨਾਲ

ਜੁੜੀਆਂ ਹਾਲ ਦੀਆਂ ਘਟਨਾਵਾਂ ਨਾ ਸਿਰਫ ਇਕ ਵਿਅਕਤੀਗਤ ਤ੍ਰਾਸਦੀ ਹੈ, ਸਗੋਂ ਉਨ੍ਹਾਂ ਲੋਕਾਂ ਦੇ ਸਾਹਮਣੇ ਆਉਣ ਵਾਲੇ ਗੰਭੀਰ ਜੋਖਮਾਂ ਦੀ ਭਿਆਨਕ ਯਾਦ ਦਿਵਾਉਂਦੀ ਹੈ, ਜੋ ਜਿੰਦਗੀ ਬਚਾਉਣ ਲਈ ਅਣਥੱਕ ਕੋਸ਼ਿਸ਼ ਕਰਦੇ ਹਨ। ਆਪਣੇ ਵਕੀਲ ਸਤਿਅਮ ਸਿੰਘ ਰਾਹੀਂ ਭੇਜੀ ਪੱਤਰ ਪਟੀਸਨ ਵਿਚ ਉਨ੍ਹਾਂ ਲਿਖਿਆ ਕਿ ਹਮਲਿਆਂ (14 ਅਗਸਤ) ਨੇ ਹਸਪਤਾਲ ਦੇ ਕੰਮਕਾਜ ਨੂੰ ਬੁਰੀ ਤਰ੍ਹਾਂ ਨਾਲ ਵਿਗਾੜ ਦਿੱਤਾ ਹੈ ਅਤੇ ਮੈਡੀਕਲ ਸਟਾਫ ਵਿਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪਟੀਸਨ 'ਚ ਕਿਹਾ ਗਿਆ ਹੈ ਕਿ ਕਾਲਜ ਅਤੇ ਇਸ ਦੇ ਸਟਾਫ ਦੀ ਸੁਰੱਖਿਆ ਲਈ ਕੇਂਦਰੀ ਬਲਾਂ ਨੂੰ ਤੁਰੰਤ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਦੇਸ ਭਰ 'ਚ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ। ਡਾ. ਮੋਨਿਕਾ ਸਿੰਘ ਨੇ ਹਮਲਿਆਂ ਦੀ ਪੂਰੀ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ ਅਤੇ ਨਾਲ ਹੀ ਦੇਸ ਭਰ ਦੀਆਂ ਮੈਡੀਕਲ ਸੰਸਥਾਵਾਂ ਲਈ ਵਿਆਪਕ ਸੁਰੱਖਿਆ ਉਪਾਵਾਂ ਦੇ ਨਿਰਦੇਸ ਦਿੱਤੇ ਹਨ। ਪਟੀਸਨ ਵਿਚ ਅਦਾਲਤ ਨੂੰ ਮੈਡੀਕਲ ਸੰਸਥਾਵਾਂ ਵਿਚ ਸੁਰੱਖਿਆ ਸਖਤ ਕਰਨ ਲਈ ਦਿਸਾ-ਨਿਰਦੇਸ ਜਾਰੀ ਕਰਨ ਲਈ ਕਿਹਾ ਗਿਆ ਹੈ। ਆਰ. ਜੀ. ਕਰ ਮੈਡੀਕਲ ਕਾਲਜ 'ਤੇ ਹਮਲਾ ਸਿਰਫ ਹਿੰਸਾ ਦੀ ਇਕ ਵੱਖਰੀ ਘਟਨਾ ਨਹੀਂ ਹੈ, ਸਗੋਂ ਇਹ ਸਾਡੇ ਦੇਸ ਦੀ ਸਿਹਤ ਸੰਭਾਲ ਪ੍ਰਣਾਲੀ ਲਈ ਇਕ ਵੱਡਾ ਖਤਰਾ ਹੈ।

1 ਕਰੋੜ 38 ਲੱਖ ਰੁਪਏ ਦੇ ਆਕਸੀਟੋਸ਼ਿਨ ਟੀਕੇ ਦੀ ਖੇਪ ਜਬਤ

ਲਖਨਊ 17 ਅਗਸਤ। ਉੱਤਰ ਪ੍ਰਦੇਸ ਵਿੱਚ ਫੂਡ ਸੇਫਟੀ ਐਂਡ ਡਰੱਗ ਐਡਮਨਿਸਟ੍ਰੇਸਨ ਵਿਭਾਗ (ਐੱਫਐੱਸਡੀਏ) ਅਤੇ ਐੱਸਟੀਐੱਫਐੱਫ ਦੀ ਸਾਂਝੀ ਟੀਮ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਐੱਫਐੱਸਡੀਏ ਅਤੇ ਐੱਸਟੀਐੱਫ ਦੀ ਟੀਮ ਨੇ ਸਾਂਝੀ ਕਾਰਵਾਈ ਕਰਦਿਆਂ ਕਰੋੜਾਂ ਰੁਪਏ ਦੇ ਆਕਸੀਟੋਸਿਨ ਟੀਕੇ ਬਰਾਮਦ ਕੀਤੇ ਹਨ। ਸਹਾਇਕ ਕਮਿਸਨਰ ਬ੍ਰਜੇਸ ਕੁਮਾਰ ਨੇ ਦੱਸਿਆ ਕਿ ਗੈਰ-ਕਾਨੂੰਨੀ ਆਕਸੀਟੋਸਿਨ ਟੀਕਿਆਂ ਦੀ ਕੁੱਲ ਕੀਮਤ 1 ਕਰੋੜ 38 ਲੱਖ ਰੁਪਏ ਦੇ ਕਰੀਬ ਬਣਦੀ ਹੈ। ਇਹ ਖੇਪ ਬਿਹਾਰ ਤੋਂ ਯੂਪੀ ਲਿਆਂਦੀ ਜਾ ਰਹੀ ਸੀ। ਇਸ ਮਾਮਲੇ ਵਿੱਚ ਮੁਲਜਮ ਅਨਮੋਲ ਪਾਲ ਅਤੇ ਦਿਨੇਸ ਪਾਲ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਮੁੱਖ ਸਰਗਨਾ ਤੱਕ ਪਹੁੰਚਣ ਲਈ ਦੋਵਾਂ ਤੋਂ ਵੀ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਖਾਦ ਸੁਰੱਖਿਆ ਅਤੇ

ਡਰੱਗ ਪ੍ਰਸਾਸਨ ਵਿਭਾਗ ਦੇ ਸਹਾਇਕ ਕਮਿਸਨਰ ਬ੍ਰਜੇਸ ਕੁਮਾਰ ਨੇ ਵੀ ਇਸ ਸਬੰਧੀ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਕਈ ਦਿਨਾਂ ਤੋਂ ਇਸ ਮਾਮਲੇ ਦੀ ਸੂਚਨਾ ਮਿਲ ਰਹੀ ਸੀ। ਜਿਸ ਦੇ ਆਧਾਰ 'ਤੇ ਵੀਰਵਾਰ ਨੂੰ ਉਨ੍ਹਾਂ ਨੇ ਲਖਨਊ ਦੇ ਬੰਗਲਾ ਬਾਜਾਰ ਚੌਰਾਹੇ ਤੋਂ ਤੇਲੀ ਬਾਗ ਵੱਲ ਜਾ ਰਹੀ ਚਿੱਟੇ ਰੰਗ ਦੀ ਸਕਾਰਪੀਓ ਨੰਬਰ ਯੂਪੀ 32 ਜੀਆਰ 9609 ਦੀ ਤਲਾਸੀ ਲਈ। ਇਸ ਦੌਰਾਨ ਉਨ੍ਹਾਂ ਨੂੰ ਕਾਰ ਦੇ ਅੰਦਰੋਂ ਆਕਸੀਟੋਸਿਨ ਟੀਕੇ ਦੀ ਖੇਪ ਮਿਲੀ। ਦੱਸ ਦੇਈਏ ਕਿ ਪੁਲਸ ਪੁੱਛਗਿੱਛ ਦੌਰਾਨ ਦੋਵਾਂ ਦੋਸੀਆਂ ਨੇ ਦੱਸਿਆ ਕਿ ਸਾਰਾ ਸਾਮਾਨ ਇਕ ਕਮਰੇ 'ਚ ਰੱਖਿਆ ਹੋਇਆ ਸੀ। ਜਿਸ ਤੋਂ ਬਾਅਦ ਜਦੋਂ ਪੁਲਸ ਉਕਤ ਸਥਾਨ 'ਤੇ ਪਹੁੰਚੀ ਤਾਂ ਉਥੋਂ 30 ਪੇਟੀਆਂ ਅਤੇ 6 ਬੋਰੀਆਂ (2,67,000 ਐਮਪੂਲ, 30 ਐੱਮ.ਐੱਲ. ਦੀਆਂ 12,627 ਸੀਸੀਆਂ, 100 ਐੱਮ.ਐੱਲ. ਦੀਆਂ 1260 ਸੀਸੀਆਂ) ਦਾ ਸਟਾਕ ਬਰਾਮਦ ਹੋਇਆ। ਜਿਸ ਤੋਂ ਬਾਅਦ ਨਿਯਮਾਂ ਅਨੁਸਾਰ ਫਾਰਮ-16 'ਤੇ ਸਾਰੇ ਗੈਰ-ਕਾਨੂੰਨੀ ਆਕਸੀਟੋਸਿਨ ਟੀਕੇ ਜਬਤ ਕੀਤੇ ਗਏ।

ਉਮਾ ਸ਼ੰਕਰ ਗੁਪਤਾ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਜੋਂ ਅਹੁਦਾ ਸੰਭਾਲਿਆ

ਨਵਦੀਪ ਸਿੰਘ ਸਾਹਨੀ

ਗੁਰਦਾਸਪੁਰ 17 ਅਗਸਤ। 2015 ਬੈਚ ਦੇ ਆਈ.ਏ.ਐੱਸ. ਅਧਿਕਾਰੀ ਉਮਾ ਸੰਕਰ ਗੁਪਤਾ ਨੇ ਅੱਜ ਦੁਪਹਿਰ ਗੁਰਦਾਸਪੁਰ ਦੇ ਡਿਪਟੀ ਕਮਿਸਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਡਿਪਟੀ ਕਮਿਸਨਰ ਦਾ ਅਹੁਦਾ ਸੰਭਾਲਣ ਮੌਕੇ ਉਮਾ ਸੰਕਰ ਗੁਪਤਾ ਨੇ ਕਿਹਾ ਕਿ

ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮੁੱਖ ਸਕੱਤਰ ਅਨੁਰਾਗ ਵਰਮਾ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਗੁਰਦਾਸਪੁਰ ਜਿਲ੍ਹੇ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਡਿਪਟੀ ਕਮਿਸਨਰ ਉਮਾ ਸੰਕਰ ਗੁਪਤਾ ਨੇ ਕਿਹਾ ਕਿ ਲੋਕ ਹਿਤ ਦੇ ਮਸਲਿਆਂ ਅਤੇ ਵਿਕਾਸ ਕਾਰਜਾਂ ਉੱਪਰ ਵਿਸੇਸ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਲ੍ਹਾ ਵਾਸੀਆਂ ਨੂੰ ਸਰਕਾਰੀ ਦਫਤਰਾਂ ਵਿੱਚ ਖੁਆਰ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਹਰ ਯੋਗ ਤੇ ਲੋੜਵੰਦ ਨੂੰ ਮਿਲੇ। ਉਨ੍ਹਾਂ ਕਿਹਾ ਕਿ ਇਸ ਸਹਰੱਦੀ ਜਿਲ੍ਹੇ ਦੀਆਂ ਮੁਸਕਲਾਂ/ਸਮੱਸਿਆਵਾਂ ਨੂੰ ਸਮਝ ਕੇ ਅਧਿਕਾਰੀਆਂ ਦੀ ਟੀਮ ਦੇ ਸਹਿਯੋਗ ਨਾਲ ਉਨ੍ਹਾਂ ਦਾ ਯੋਗ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੇੜ ਭਵਿੱਖ ਵਿੱਚ ਹੋਣ ਵਾਲੀ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੀ ਜਿਮਨੀ ਚੋਣ ਨੂੰ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਪੂਰੀ ਤਰ੍ਹਾਂ ਨਿਰਪੱਖ ਤੇ ਸਾਂਤਮਈ ਮਹੌਲ ਵਿੱਚ ਕਰਵਾਇਆ ਜਾਵੇਗਾ। ਉਮਾ ਸੰਕਰ ਗੁਪਤਾ ਇਸ ਤੋਂ ਪਹਿਲਾਂ ਸਥਾਨਕ ਸਰਕਾਰਾਂ ਵਿੱਚ ਬਤੌਰ ਡਾਇਰੈਕਟਰ ਸੇਵਾਵਾਂ ਨਿਭਾ ਰਹੇ ਸਨ। ਇਸ ਤੋਂ ਇਲਾਵਾ ਉਹ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਖੇ ਵੀ ਸੇਵਾਵਾਂ ਨਿਭਾ ਚੁੱਕੇ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਉਮਾ ਸੰਕਰ ਗੁਪਤਾ ਸਾਲ 2005 ਜਿਲ੍ਹਾ ਗੁਰਦਾਸਪੁਰ ਵਿਖੇ ਬਤੌਰ ਜਿਲ੍ਹਾ ਟਰਾਂਸਪੋਰਟ ਅਫਸਰ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਇਸ ਤੋਂ ਪਹਿਲਾਂ ਪੰਜਾਬ ਪੁਲਸ ਦੇ ਜਵਾਨਾਂ ਵੱਲੋਂ ਉਮਾ ਸੰਕਰ ਗੁਪਤਾ ਨੂੰ ਡਿਪਟੀ ਕਮਿਸਨਰ ਦਫਤਰ ਵਿਖੇ ਪਹੁੰਚਣ 'ਤੇ ਗਾਰਡ ਆਫ ਆਨਰ ਦਿੱਤਾ ਗਿਆ। ਐੱਸ.ਡੀ.ਐੱਮ. ਗੁਰਦਾਸਪੁਰ ਡਾ. ਕਰਮਜੀਤ ਸਿੰਘ, ਐੱਸ.ਡੀ.ਐੱਮ. ਬਟਾਲਾ ਸ੍ਰੀਮਤੀ ਸਾਇਰੀ ਭੰਡਾਰੀ, ਸਹਾਇਕ ਕਮਿਸਨਰ (ਜ) ਸ੍ਰੀ ਅਸਵਨੀ ਅਰੋੜਾ, ਜਿਲ੍ਹਾ ਮਾਲ ਅਫਸਰ ਸ੍ਰੀ ਜਸਕਰਨ ਸਿੰਘ, ਡੀ.ਡੀ.ਪੀ.ਓ. ਸਤੀਸ ਕੁਮਾਰ ਸਮੇਤ ਹੋਰ ਅਧਿਕਾਰੀਆਂ ਅਤੇ ਡਿਪਟੀ ਕਮਿਸਨਰ ਦਫਤਰ ਦੇ ਸਟਾਫ ਵੱਲੋਂ ਡਿਪਟੀ ਕਮਿਸਨਰ ਉਮਾ ਸੰਕਰ ਗੁਪਤਾ ਦਾ ਨਿੱਘਾ ਸਵਾਗਤ ਕੀਤਾ ਗਿਆ।

24 ਘੰਟਿਆਂ ਲਈ ਇੰਟਰਨੈੱਟ ਬੰਦ, ਸਕੂਲਾਂ 'ਚ ਛੁੱਟੀ ਦਾ ਐਲਾਨ

ਉਦੈਪੁਰ 17 ਅਗਸਤ। ਉਦੈਪੁਰ ਇਕ ਸਰਕਾਰੀ ਸਕੂਲ 'ਚ 10ਵੀਂ ਜਮਾਤ ਦੇ ਵਿਦਿਆਰਥੀ 'ਤੇ ਸਾਥੀ ਵਿਦਿਆਰਥੀ ਨੇ ਚਾਕੂ ਨਾਲ ਹਮਲਾ ਕਰ ਦਿੱਤਾ। ਚਾਕੂ ਮਾਰਨ ਤੋਂ ਬਾਅਦ ਫੈਲੀ ਅਫਵਾਹ ਕਾਰਨ ਫਿਰਕੂ ਹਿੰਸਾ ਭੜਕ ਗਈ। ਸ਼ਹਿਰ 'ਚ ਅਚਾਨਕ ਮਹੌਲ ਵਿਗੜ ਗਿਆ। ਭੀੜ ਨੇ ਕਾਰਾਂ ਨੂੰ ਅੱਗ ਲਗਾ ਦਿੱਤੀ ਅਤੇ ਬਾਜਾਰ ਬੰਦ ਕਰਵਾ ਦਿੱਤੇ। ਹਾਲਾਤ ਨੂੰ ਦੇਖਦੇ ਹੋਏ ਸ਼ਹਿਰ 'ਚ ਧਾਰਾ 144 ਲਗਾ ਦਿੱਤੀ ਗਈ। ਹੁਣ ਉਦੈਪੁਰ 'ਚ ਡਿਵੀਜਨਲ ਕਮਿਸਨਰ ਨੇ ਇੰਟਰਨੈੱਟ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਹੈ। ਸ਼ੁੱਕਰਵਾਰ ਰਾਤ 10 ਵਜੇ ਤੋਂ ਅਗਲੇ 24 ਘੰਟਿਆਂ ਲਈ ਇੰਟਰਨੈੱਟ ਬੰਦ ਰਹੇਗਾ। ਇੰਟਰਨੈੱਟ ਬੰਦ ਨੂੰ ਅੱਗ ਹੋਰ ਵੀ ਵਧਾਇਆ ਜਾਵੇਗਾ ਜਾਂ ਨਹੀਂ ਪ੍ਰਸ਼ਾਸਨ ਇਸ 'ਤੇ ਵੀ ਵਿਚਾਰ ਕਰ ਰਿਹਾ ਹੈ। ਜਿਲ੍ਹਾ ਕੁਲੈਕਟਰ ਅਤੇ ਪ੍ਰਸਾਸਨ ਦੀ ਮੁਸਤੈਦੀ ਕਾਰਨ ਸਥਿਤੀ ਕਾਬੂ ਹੇਠ ਹੈ। ਸਹਿਰ ਦੇ ਹਰ ਕੋਨੇ 'ਤੇ ਪੁਲਸ ਤਾਇਨਾਤ ਹੈ। ਪੁਲਸ ਅਤੇ ਪ੍ਰਸਾਸਨ ਨੂੰ ਸਾਂਤੀ ਬਣਾਈ ਰੱਖਣ ਵਿੱਚ ਸਫਲਤਾ ਮਿਲ ਰਹੀ ਹੈ। ਸਹਿਰ ਵਿੱਚ ਹੁਣ ਹਿੰਸਕ ਘਟਨਾਵਾਂ ਦੀ ਰਿਪੋਰਟ ਨਹੀਂ ਮਿਲ ਰਹੀ ਹੈ। ਦੇਰ ਰਾਤ ਅਯਾਦ ਇਲਾਕੇ ਵਿੱਚ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋ ਗਈਆਂ ਸਨ ਪਰ ਹੁਣ ਪੁਲਸ ਨੇ ਉਥੇ ਵੀ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ ਹੈ। ਇਲਾਕੇ 'ਚ ਪੁਲਸ ਮੁਲਾਜਮ ਤਾਇਨਾਤ ਹਨ। ਪ੍ਰਸਾਸਨ ਸਾਂਤੀ ਬਹਾਲ ਕਰਨ ਲਈ ਹਰ ਸੰਭਵ ਕੋਸਿਸ ਕਰ ਰਿਹਾ ਹੈ।

ਦੋਸ਼ੀਆਂ ਨੂੰ ਮਿਲੇਗੀ

ਟ੍ਰੈਫਿਕ ਪੁਲਸ ਨੇ ਤੋੜਿਆ ਆਪਣਾ ਹੀ ਰਿਕਾਰਡ, 11 ਮਹੀਨਿਆਂ 'ਚ ਕੀਤੇ ਇੰਨੇ ਚਲਾਨ

ਲੁਧਿਆਣਾ 17 ਅਗਸਤ। ਸ਼ਹਿਰ ਦੀ ਟ੍ਰੈਫਿਕ ਪੁਲਸ ਨੇ ਇਸ ਸਾਲ ਦੇ 11 ਮਹੀਨਿਆਂ 'ਚ ਹੀ ਆਪਣਾ ਪਿਛਲਾ ਰਿਕਾਰਡ ਤੋੜ ਦਿੱਤਾ ਹੈ। ਸਾਲ 2023 ਦੇ 11 ਮਹੀਨਿਆਂ 'ਚ ਟ੍ਰੈਫਿਕ ਪੁਲਸ ਨੇ ਲੋਕਾਂ ਵੱਲੋਂ ਟ੍ਰੈਫਿਕ ਨਿਯਮ ਤੋੜਨ 'ਤੇ 1,87,613 ਚਲਾਨ ਕੀਤੇ ਹਨ, ਜੋ ਕਿ ਬੀਤੇ ਸਾਲ ਦੇ 12 ਮਹੀਨਿਆਂ 'ਚ ਇਹੀ ਅੰਕੜਾ 1,64,048 ਸੀ। ਇਸ ਸਾਲ ਟ੍ਰੈਫਿਕ ਪੁਲਸ ਵੱਲੋਂ ਰਾਂਗ ਪਾਰਕਿੰਗ ਦੇ ਚਲਾਨਾਂ 'ਚ ਵੀ ਕਾਫੀ ਇਜ਼ਾਫਾ ਕੀਤਾ ਗਿਆ ਹੈ, ਜੋ ਕੁੱਲ ਚਲਾਨਾਂ ਦੀ ਗਿਣਤੀ ਦਾ ਕਰੀਬ 25 ਫੀਸਦੀ ਹੈ। ਇਸ ਸਾਲ ਟ੍ਰੈਫਿਕ ਪੁਲਸ ਵੱਲੋਂ ਰਾਂਗ ਪਾਰਕਿੰਗ ਦੇ 30 ਨਵੰਬਰ ਤੱਕ 46,139 ਚਲਾਨ ਕੀਤੇ ਗਏ ਹਨ, ਜਦੋਂਕਿ ਬੀਤੇ ਸਾਲ 2022 'ਚ ਇਹ ਗਿਣਤੀ 38,698 ਸੀ। ਇਸ ਦੇ ਨਾਲ ਹੀ ਦੂਜਾ ਨੰਬਰ ਬਿਨਾਂ ਹੈਲਮੇਟ ਦੇ ਚਲਾਨਾਂ ਦਾ ਆਉਂਦਾ ਹੈ। ਇਸ ਸਾਲ 30 ਨਵੰਬਰ ਤੱਕ ਟ੍ਰੈਫਿਕ ਪੁਲਸ 35,815 ਵਿਅਕਤੀਆਂ ਦੇ ਬਿਨਾਂ ਹੈਲਮੇਟ ਚਲਾਨ ਕਰ ਚੁੱਕੀ ਹੈ, ਜੋ ਹੁਣ ਤੱਕ ਬੀਤੇ ਸਾਲ ਤੋਂ ਘੱਟ ਹੈ। ਬੀਤੇ ਸਾਲ ਇਹ ਅੰਕੜਾ 40,929 ਰਿਹਾ ਸੀ। ਇਸ ਤੋਂ ਇਲਾਵਾ ਬੀਤੇ ਸਾਲ ਓਵਰਸਪੀਡ ਦੇ 1554 ਅਤੇ ਇਸ ਸਾਲ ਹੁਣ ਤੱਕ 1319 ਚਲਾਨ ਹੋ ਚੁੱਕੇ ਹਨ। 2022 'ਚ ਹੋਏ 467 ਸੜਕ ਹਾਦਸਿਆਂ 'ਚ 364 ਵਿਅਕਤੀਆਂ ਦੀ ਜਾਨ ਚਲੀ ਗਈ, ਜਦੋਂਕਿ 174 ਵਿਅਕਤੀ ਜ਼ਖਮੀ ਹੋਏ। ਹਾਦਸਿਆਂ 'ਚ ਮਰਨ ਵਾਲੇ 364 ਵਿਅਕਤੀਆਂ 'ਚੋਂ 148 ਵਿਅਕਤੀ ਦੋਪਹੀਆ ਵਾਹਨਾਂ 'ਤੇ ਸਵਾਰ ਸਨ, ਜੋ ਕੁੱਲ ਮ੍ਰਿਤਕਾਂ ਦਾ 40 ਫੀਸਦੀ ਹੈ। ਦੋਪਹੀਆ ਵਾਹਨਾਂ 'ਤੇ ਹਾਦਸੇ ਸਮੇਂ ਜਾਨ ਜਾਣ ਦਾ ਸਭ ਤੋਂ ਵੱਡਾ ਕਾਰਨ ਲੋਕਾਂ ਵੱਲੋਂ ਹੈਲਮੇਟ ਦੀ ਵਰਤੋਂ ਨਾ ਕਰਨਾ ਹੈ। ਅਜਿਹੇ 'ਚ ਪੁਲਸ ਵੱਲੋਂ ਹੈਲਮੇਟ ਦੀ ਵਰਤੋਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਵਾਉਣ ਲਈ ਇੰਨੀ ਵੱਡੀ ਗਿਣਤੀ 'ਚ ਚਲਾਨ ਕਰਨਾ ਜਾਇਜ਼ ਮੰਨਿਆ ਜਾ ਸਕਦਾ ਹੈ। ਮਨਿਸਟਰੀ ਆਫ ਰੋਡ ਟਰਾਂਸਪੋਰਟ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2022 ਵਿਚ ਸ਼ਹਿਰ 'ਚ ਹੋਏ ਕੁੱਲ ਹਾਦਸਿਆਂ 'ਚ 65 ਫੀਸਦੀ ਹਾਦਸਿਆਂ ਦਾ ਕਾਰਨ ਓਵਰਸਪੀਡ ਰਿਹਾ, ਜਿਸ ਵਿਚ 222 ਵਿਅਕਤੀ ਆਪਣੀ ਜਾਨ ਗੁਆ ਬੈਠੇ, ਜੋ ਕੁੱਲ 364 ਮੌਤਾਂ ਦਾ 60 ਫੀਸਦੀ ਹੈ। ਬੀਤੇ ਸਾਲ ਸ਼ਹਿਰ 'ਚ ਰਿਕਾਰਡ 498 ਹਾਦਸਿਆਂ 'ਚੋਂ ਓਵਰਸਪੀਡ ਕਾਰਨ 298 ਹਾਦਸੇ ਹੋਏ, ਜਿਨ੍ਹਾਂ ਵਿਚ 222 ਵਿਅਕਤੀਆਂ ਦੀ ਜਾਨ ਚਲੀ ਗਈ। ਪੁਲਸ ਵੱਲੋਂ ਓਵਰਸਪੀਡ 'ਤੇ ਲਗਾਮ ਕੱਸਣ ਲਈ 2 ਸਪੀਡ ਰਾਡਾਰ ਤਾਇਨਾਤ ਕੀਤੇ ਗਏ ਅਤੇ ਰੋਜਾਨਾ ਦਰਜਨਾਂ ਵਿਅਕਤੀਆਂ ਦੇ ਚਲਾਨ ਕੀਤੇ ਜਾ ਰਹੇ ਹਨ। ਪੁਲਸ ਵਿਭਾਗ ਵੱਲੋਂ ਇਸ ਸਾਲ ਤੋਂ ਹੈਂਡ ਹੈਲਡ ਈ-ਪੋਸ਼ ਮਸ਼ੀਨਾਂ ਦੀ ਮਦਦ ਨਾਲ ਵਾਹਨ ਚਾਲਕਾਂ ਦੇ ਈ-ਚਲਾਨ ਵੀ ਸ਼ੁਰੂ ਕਰ ਦਿੱਤੇ ਗਏ ਹਨ। ਇਸ ਦੇ ਲਈ ਪਹਿਲੇ ਪੜਾਅ 'ਚ 30 ਮਸ਼ੀਨਾਂ ਹੈੱਡ ਆਫਿਸ ਵੱਲੋਂ ਲੁਧਿਆਣਾ ਪੁਲਸ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ, ਜਿਸ ਦੇ ਲਈ ਟ੍ਰੈਫਿਕ ਮੁਲਾਜ਼ਮਾਂ ਨੂੰ ਬਾਕਾਇਦਾ ਟ੍ਰੇਨਿੰਗ ਵੀ ਦਿੱਤੀ ਗਈ। ਇਨ੍ਹਾਂ ਚਲਾਨ ਮਸ਼ੀਨਾਂ 'ਚ ਬਿਨੈਕਾਰ ਦੇ ਵਾਹਨ ਦਾ ਨੰਬਰ ਪਾਉਂਦੇ ਹੀ ਪਿਛਲਾ ਸਾਰਾ ਰਿਕਾਰਡ ਵੀ ਸਾਹਮਣੇ ਆ ਜਾਂਦਾ ਹੈ। ਏ. ਸੀ. ਪੀ. ਟ੍ਰੈਫਿਕ

ਚਰਣਜੀਵ ਲਾਂਬਾ ਦਾ ਕਹਿਣਾ ਹੈ ਕਿ ਪੁਲਸ ਵਿਭਾਗ ਵੱਲੋਂ ਲੋਕਾਂ ਦੇ ਚਲਾਨ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਜਾਗਰੂਕ ਵੀ ਕੀਤਾ ਜਾ ਰਿਹਾ ਹੈ ਕਿ ਆਵਾਜਾਈ ਨਿਯਮਾਂ ਨੂੰ ਆਪਣੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਬਣਾਉਣ। ਇਸ ਦੇ ਲਈ ਸਕੂਲ, ਕਾਲਜ, ਉਦਯੋਗਿਕ ਸੰਸਥਾਵਾਂ, ਫੈਕਟਰੀਆਂ ਅਤੇ ਟ੍ਰਾਂਸਪੋਰਟ ਯੂਨੀਅਨਾਂ 'ਚ ਜਾਗਰੂਕਤਾ ਕੈਂਪ ਅਤੇ ਸੈਮੀਨਾਰ ਵੀ ਲਗਾਏ ਜਾ ਰਹੇ ਹਨ।

ਸਿਹਤ ਵਿਭਾਗ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਲਿੰਗ ਦੱਸਣ ਤੇ ਗਰਭਪਾਤ ਕਰਨ ਵਾਲੇ ਗਿਰੋਹ ਦਾ ਪਰਦਾਫਾਸ

ਪਟਿਆਲਾ 17 ਅਗਸਤ। ਸਿਹਤ ਵਿਭਾਗ ਬਰਨਾਲਾ ਅਤੇ ਪਟਿਆਲਾ ਦੀ ਟੀਮ ਵੱਲੋਂ ਸਾਂਝੇ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਲੜਕਾ-ਲੜਕੀ ਦੱਸਣ ਸਬੰਧੀ ਟੈਸਟ ਅਤੇ ਗਰਭਪਾਤ ਕਰਨ ਵਾਲੇ ਵੱਡੇ ਗਿਰੋਹ ਦਾ ਪਰਦਾਫਾਸ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਜਸਬੀਰ ਸਿੰਘ ਔਲਖ ਸਿਵਲ ਸਰਜਨ ਬਰਨਾਲਾ ਨੇ ਦੱਸਿਆ ਕਿ ਸਿਹਤ ਵਿਭਾਗ ਬਰਨਾਲਾ ਨੂੰ ਖੁਫੀਆ ਜਾਣਕਾਰੀ ਮਿਲੀ ਸੀ ਕਿ ਇਕ ਵਿਅਕਤੀ ਤੇ ਔਰਤ ਦੇ ਘਰ ਵਿੱਚ ਜਿਨ੍ਹਾਂ ਕੋਲ ਕੋਈ ਮੈਡੀਕਲ ਡਿਗਰੀ ਨਹੀਂ ਹੈ, ਲੰਮੇ ਸਮੇਂ ਤੋਂ ਪਟਿਆਲਾ ਸਹਿਰ 'ਚ ਲੜਕਾ-ਲੜਕਾ ਦੱਸਣ ਸਬੰਧੀ ਟੈਸਟ ਅਤੇ ਗਰਭਪਾਤ ਕਰਦੇ ਹਨ। ਡਾ. ਔਲਖ ਨੇ ਦੱਸਿਆ ਕਿ ਉਨ੍ਹਾਂ ਗੁਪਤ ਸੂਚਨਾ ਦੇ ਆਧਾਰ 'ਤੇ ਇਕ ਸਟਿੰਗ ਆਪ੍ਰੇਸ਼ਨ ਕੀਤਾ, ਜਿਸ ਤਹਿਤ ਕਾਰਵਾਈ ਕਰਦਿਆਂ ਸਿਹਤ ਵਿਭਾਗ ਬਰਨਾਲਾ ਦੀ ਟੀਮ ਵੱਲੋਂ ਤੁਰੰਤ ਐਕਸਨ ਲੈਂਦਿਆਂ ਗੁਪਤ ਰੇਡ ਕੀਤੀ ਗਈ ਅਤੇ ਪਟਿਆਲਾ ਦੇ ਪਿੰਡ ਚੌਰਾ ਦੇ ਇਕ ਘਰ 'ਚ ਮੁਲਜਮ ਨੂੰ ਰੰਗੇ ਹੱਥੀਂ ਟੈਸਟ ਕਰਦਿਆਂ ਫੜ ਲਿਆ ਗਿਆ। ਇਸ ਦੌਰਾਨ ਗਰਭਪਾਤ ਕਰਨ ਵਾਲਾ ਸਾਜੋ-ਸਾਮਾਨ ਅਤੇ ਵੱਡੀ ਮਾਤਰਾ ਵਿੱਚ ਦਵਾਈਆਂ ਬਰਾਮਦ ਕੀਤੀਆਂ ਗਈਆਂ।

ਕਾਂਗਰਸ ਤੋਂ ਅਸਤੀਫਾ ਦੇਣ ਵਾਲੇ ਸੀਨੀਅਰ ਆਗੂ ਕਮਲਜੀਤ ਸਿੰਘ ਕੜਵਲ ਭਾਜਪਾ 'ਚ ਸ਼ਾਮਲ

ਲੁਧਿਆਣਾ 17 ਅਗਸਤ। ਲੁਧਿਆਣਾ ਦੇ ਆਤਮ ਨਗਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਕਮਲਜੀਤ ਸਿੰਘ ਕੜਵਲ ਨੇ ਪਾਰਟੀ ਤੋਂ ਅੱਜ ਸਵੇਰੇ ਹੀ ਅਸਤੀਫਾ ਦਿੱਤਾ ਸੀ। ਇਸ ਤੋਂ ਬਾਅਦ ਉਹ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ ਹਨ। ਮਿਲੀ ਜਾਣਕਾਰੀ ਮੁਤਾਬਕ ਕਮਲਜੀਤ ਸਿੰਘ ਕੜਵਲ ਆਪਣੀ ਪੂਰੀ ਟੀਮ ਦੇ ਨਾਲ ਭਾਜਪਾ 'ਚ ਸ਼ਾਮਲ ਹੋਏ ਹਨ। ਇਸ ਦੌਰਾਨ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕਰਵਾਇਆ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਸਮੇਂ ਕਮਲਜੀਤ ਸਿੰਘ ਕੜਵਲ ਕਾਂਗਰਸ ਪਾਰਟੀ 'ਚ ਸ਼ਾਮਲ ਹੋਏ ਸਨ। ਪਹਿਲਾਂ ਕਮਲਜੀਤ ਸਿੰਘ ਨੇ ਸਿਮਰਜੀਤ ਸਿੰਘ ਬੈਂਸ ਦੀ ਪਾਰਟੀ ਜੁਆਇਨ ਕੀਤੀ ਸੀ। ਉਸ ਤੋਂ ਬਾਅਦ ਕਾਂਗਰਸ 'ਚ ਸ਼ਾਮਲ ਹੋ ਕੇ ਉਨ੍ਹਾਂ ਨੇ ਸਿਮਰਜੀਤ ਬੈਂਸ ਖ?ਿਲਾਫ ਚੋਣਾਂ ਲੜੀਆਂ ਸਨ। ਇਹ ਵੀ ਦੱਸ ਦੇਈਏ ਕਿ ਕਮਲਜੀਤ ਸਿੰਘ ਕੜਵਲ ਨਵਜੋਤ ਸਿੰਘ ਸਿੱਧੂ ਦੇ ਕਾਫੀ ਕਰੀਬੀ ਰਹਿ ਚੁੱਕੇ ਹਨ।

ਕੈਨੇਡਾ ਤੋਂ ਜਾਣਕਾਰ ਦੱਸ ਕੇ ਫੋਨ ਕਰ ਕੇ ਮਾਰੀ 4 ਲੱਖ ਦੀ ਠੱਗੀ, ਮਾਮਲਾ ਦਰਜ

ਮੋਹਾਲੀ 17 ਅਗਸਤ। ਆਏ ਦਿਨ ਵਿਦੇਸ਼ ਤੋਂ ਫੋਨ ਕਰ ਕੇ ਰਿਸ਼ਤੇਦਾਰ ਜਾਂ ਜਾਣ-ਪਛਾਣ ਵਾਲਾ ਦੱਸ ਕੇ ਪੈਸਿਆਂ ਦੀ ਮੰਗ ਕਰਨ ਦੀਆਂ ਖਬਰਾਂ ਆਈਆਂ ਰਹਿੰਦੀਆਂ ਹਨ। ਅਜਿਹਾ ਇਕ ਮਾਮਲਾ ਸਾਹਮਣੇ ਆਇਆ ਹੈ ਚੱਪੜਚਿੜੀ ਤੋਂ, ਜਿੱਥੇ ਕੈਨੇਡਾ ਵਿਚ ਰਹਿਣ ਵਾਲਾ ਜਾਣਕਾਰ ਦੱਸ ਕੇ ਚੱਪੜਚਿੜੀ ਦੀ ਰਹਿਣ ਵਾਲੀ ਗੁਰਜੀਤ ਕੌਰ ਨਾਲ 4 ਲੱਖ ਰੁਪਏ ਦੀ ਠੱਗੀ ਮਾਰੀ ਗਈ। ਸਾਈਬਰ ਸੈੱਲ ਦੀ ਜਾਂਚ ਦੇ ਆਧਾਰ 'ਤੇ ਬਲੌਂਗੀ ਥਾਣਾ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਗੁਰਜੀਤ ਨੇ ਦੱਸਿਆ ਕਿ

14 ਸਤੰਬਰ 2023 ਨੂੰ ਕਾਲ ਆਈ ਸੀ। ਫੋਨ ਕਰਨ ਵਾਲੇ ਨੇ ਖੁਦ ਨੂੰ ਉਸ ਦਾ ਜਾਣਕਾਰ ਪ੍ਰੀਤ ਦੱਸਦਿਆਂ ਕਿਹਾ ਕਿ ਉਹ ਕੈਨੇਡਾ ਤੋਂ ਬੋਲ ਰਿਹਾ ਹੈ। ਉਸ ਦੀ ਕਿਸੇ ਗੋਰੇ ਨਾਲ ਲੜਾਈ ਹੋ ਗਈ ਅਤੇ ਉਸਦੇ ਸਿਰ ਵਿਚ ਬੋਤਲ ਮਾਰ ਦਿੱਤੀ ਹੈ। ਪੁਲਸ ਨੇ ਉਸ ਨੂੰ ਫੜ ਲਿਆ ਅਤੇ ਵਕੀਲ ਜ਼ਮਾਨਤ ਲਈ 4 ਲੱਖ ਦੀ ਮੰਗ ਕਰ ਰਿਹਾ ਹੈ। ਉਸ ਨੇ ਕਿਹਾ ਕਿ ਉਹ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਪੈਸੇ ਵਾਪਸ ਕਰ ਦੇਵੇਗਾ। ਮੁਲਜ਼ਮ ਨੇ ਉਸ ਨੂੰ ਧੋਖਾ ਦਿੰਦਿਆਂ ਕਿਸੇ ਤਰ੍ਹਾਂ ਬੈਂਕ ਖਾਤੇ ਵਿਚ ਪੈਸੇ ਜਮ੍ਹਾ ਕਰਵਾ ਲਏ। ਇਸ ਤੋਂ ਬਾਅਦ ਉਹ ਪੈਸਿਆਂ ਦੀ ਮੰਗ ਕਰਨ ਲੱਗਾ, ਪਰ ਜਦੋਂ ਗੁਰਜੀਤ ਨੂੰ ਧੋਖਾਦੇਹੀ ਦੀ ਭਿਣਕ ਲੱਗੀ ਤਾਂ ਉਸ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ।

ਬੱਚਿਆਂ ਨੂੰ ਅਗਵਾ ਕਰ ਕੇ ਵੇਚਣ ਵਾਲੀਆਂ 2 ਔਰਤਾਂ ਗ੍ਰਿਫਤਾਰ, ਢਾਈ ਮਹੀਨੇ ਦਾ ਮਾਸੂਮ ਵੀ ਮਿਲਿਆ

ਮੋਹਾਲੀ 17 ਅਗਸਤ। ਭੀਖ ਮੰਗਣ ਦਾ ਕੰਮ ਕਰਵਾਉਣ ਲਈ ਬੱਚਿਆਂ ਨੂੰ ਅਗਵਾ ਕਰ ਕੇ ਵੇਚਣ ਤੇ ਖਰੀਦਣ ਵਾਲੀਆਂ ਦੋ ਔਰਤਾਂ ਨੂੰ ਬਲੌਂਗੀ ਥਾਣਾ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੀ ਪਛਾਣ ਅੰਬਾਲਾ ਨਿਵਾਸੀ ਸੁਰਿੰਦਰ ਕੌਰ ਤੇ ਜ਼ੀਰਕਪੁਰ ਨਿਵਾਸੀ ਦਰਸ਼ਨਾ ਰਾਣੀ ਵਜੋਂ ਹੋਈ ਹੈ। ਪੁਲਸ ਨੇ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਉਨ੍ਹਾਂ ਕਲੋਂ ਢਾਈ ਮਹੀਨੇ ਦਾ ਮਾਸੂਮ ਵੀ ਬਰਾਮਦ ਕੀਤਾ ਗਿਆ ਹੈ। ਪੁਲਸ ਨੇ ਮੁਲਜ਼ਮ ਔਰਤਾਂ ਨੂੰ ਜ਼ਿਲਾ ਅਦਾਲਤ ਵਿਚ ਪੇਸ਼ ਕਰ ਕੇ ਜਾਂਚ ਦਾ ਹਵਾਲਾ ਦੇ ਕੇ ਰਿਮਾਂਡ ਦੀ ਮੰਗ ਕੀਤੀ। ਅਦਾਲਤ ਨੇ ਸੁਣਵਾਈ ਤੋਂ ਬਾਅਦ ਦੋਵਾਂ ਔਰਤਾਂ ਨੂੰ 3 ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ। ਪੁਲਸ ਜਾਂਚ ਵਿਚ ਜੁਟ ਗਈ ਹੈ ਕਿ ਮੁਲਜ਼ਮ ਔਰਤਾਂ ਹੁਣ

ਤਕ ਕਿੰਨੇ ਮਾਸੂਮ ਬੱਚਿਆਂ ਨੂੰ ਖਰੀਦ ਕੇ ਵੇਚ ਚੁੱਕੀਆਂ ਹਨ। ਉਨ੍ਹਾਂ ਅਜੇ ਤਕ ਕਿੰਨੇ ਬੱਚਿਆ ਨੂੰ ਅਗਵਾ ਕੀਤਾ ਹੈ, ਇਸ ਸਬੰਧੀ ਜਾਂਚ ਕੀਤੀ ਜਾਵੇਗੀ। ਬਲੌਂਗੀ ਥਾਣਾ ਇੰਚਾਰਜ ਗੌਰਵ ਨੇ ਦੱਸਿਆ ਕਿ ਸੂਚਨਾ ਮਿਲੀ ਸੀ ਕਿ ਇਲਾਕੇ ਵਿਚ ਬੱਚਿਆਂ ਨੂੰ ਅਗਵਾ ਕਰ ਕੇ ਵੇਚਣ ਤੇ ਖਰੀਦਣ ਵਾਲੀਆਂ ਦੋ ਔਰਤਾਂ ਘੁੰਮ ਰਹੀਆਂ ਹਨ। ਔਰਤਾਂ ਬੱਚਿਆਂ ਨੂੰ ਭੀਖ ਮੰਗਣ ਲਈ ਵੇਚਣ-ਖਰੀਦਣ ਤੇ ਅਗਵਾ ਕਰਨ ਦਾ ਕੰਮ ਕਰਦੀਆਂ ਹਨ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਇਲਾਕੇ ਵਿਚ ਦੋ ਔਰਤਾਂ ਨੂੰ ਕਾਬੂ ਕੀਤਾ। ਪੁਲਸ ਨੂੰ ਢਾਈ ਮਹੀਨੇ ਦਾ ਮਾਸੂਮ ਬੱਚਾ ਵੀ ਮਿਲਿਆ ਹੈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਕਿ ਇਹ ਬੱਚਾ ਜਲੰਧਰ ਤੋਂ ਖਰੀਦਿਆ ਗਿਆ ਹੈ ਤੇ ਇਹ ਔਰਤਾਂ ਉਸੇ ਮਾਸੂਮ ਨੂੰ ਵੇਚਣ ਦੀ ਫਿਰਾਕ ਵਿਚ ਘੁੰਮ ਰਹੀਆਂ ਸਨ।

ਸੇਅਰ ਬਾਜਾਰ 'ਚ ਟੁੱਟੇ ਕਮਾਈ ਦੇ ਰਿਕਾਰਡ, ਨਿਵੇਸਕਾਂ ਨੇ ਸਿਰਫ 11 ਦਿਨਾਂ 'ਚ ਕਮਾਏ 22 ਲੱਖ ਕਰੋੜ ਰੁਪਏ

ਬਿਜਨੈੱਸ ਡੈਸਕ 17 ਅਗਸਤ। ਸੇਅਰ ਬਾਜਾਰ ਦੇ ਨਿਵੇਸਕਾਂ ਲਈ ਹੁਣ ਤੱਕ ਦਸੰਬਰ ਦਾ ਮਹੀਨਾ ਕਾਫੀ ਚੰਗਾ ਰਿਹਾ ਹੈ। ਨਿਵੇਸਕਾਂ ਨੇ ਦਸੰਬਰ 'ਚ ਹੁਣ ਤੱਕ 22 ਲੱਖ ਕਰੋੜ ਰੁਪਏ ਤੋਂ ਜ?ਿਆਦਾ ਦੀ ਕਮਾਈ ਕੀਤੀ ਹੈ। ਸਿਰਫ 11 ਕਾਰੋਬਾਰੀ ਦਿਨਾਂ 'ਚ ਬਾਜਾਰ ਨੇ ਲੋਕਾਂ ਨੂੰ ਭਾਰੀ ਮੁਨਾਫਾ ਕਮਾਇਆ ਹੈ। ਮਜਬੂਤ ਗਲੋਬਲ ਸੰਕੇਤਾਂ, ਤਿੰਨ ਸੂਬਿਆਂ 'ਚ ਭਾਜਪਾ ਦੀ ਜਿੱਤ ਅਤੇ ਕੱਚੇ ਤੇਲ ਦੀਆਂ ਕੀਮਤਾਂ 'ਚ ਨਰਮੀ ਕਾਰਨ ਬਾਜਾਰ ਹਰ ਰੋਜ ਨਵੇਂ ਰਿਕਾਰਡ ਬਣਾ ਰਿਹਾ ਹੈ। ਅੱਜ ਯਾਨੀ ਸ਼ੁੱਕਰਵਾਰ, 17 ਦਸੰਬਰ ਨੂੰ ਸੈਂਸੈਕਸ ਅਤੇ ਨਿਫਟੀ ਦੋਵੇਂ ਆਪਣੇ ਨਵੇਂ ਸਰਵਕਾਲੀ ਉੱਚ ਪੱਧਰ 'ਤੇ ਬੰਦ ਹੋਏ। ਸੈਂਸੈਕਸ ਨੇ ਪਹਿਲੀ ਵਾਰ 71,000 ਦੇ ਪੱਧਰ ਨੂੰ ਪਾਰ ਕੀਤਾ। ਇਸ ਕਾਰਨ ਸ਼ੁਰੂਆਤੀ ਵਪਾਰ 'ਚ ਨਿਵੇਸਕਾਂ ਦੀ ਦੌਲਤ 'ਚ 2 ਲੱਖ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਬੀਐੱਸਈ 'ਤੇ ਸੂਚੀਬੱਧ ਕੰਪਨੀਆਂ ਦੀ ਕੁੱਲ ਮਾਰਕੀਟ ਕੈਪ 30 ਨਵੰਬਰ ਨੂੰ ਵਪਾਰ ਦੇ ਅੰਤ 'ਤੇ 335.60 ਲੱਖ ਕਰੋੜ ਰੁਪਏ ਸੀ, ਜੋ ਅੱਜ 17 ਦਸੰਬਰ ਨੂੰ ਵਧ ਕੇ 357.85 ਲੱਖ ਕਰੋੜ ਰੁਪਏ ਹੋ ਗਈ ਹੈ। ਇਸ ਤਰ੍ਹਾਂ ਦਸੰਬਰ

ਮਹੀਨੇ 'ਚ ਹੁਣ ਤੱਕ ਨਿਵੇਸਕਾਂ ਦੀ ਦੌਲਤ 'ਚ ਕਰੀਬ 22.25 ਲੱਖ ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਅੱਜ ਕਾਰੋਬਾਰ ਦੇ ਅੰਤ ਵਿੱਚ ਦਾ 30 ਸੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ 969.55 ਅੰਕ ਜਾਂ 1.37 ਫੀਸਦੀ ਦੇ ਵਾਧੇ ਨਾਲ 71,483.75 ਅੰਕ 'ਤੇ ਬੰਦ ਹੋਇਆ। ਇਸ ਦੌਰਾਨ ਦਾ 50 ਸੇਅਰਾਂ ਵਾਲਾ ਸੂਚਕ ਅੰਕ ਨਿਫਟੀ 273.95 ਅੰਕ ਜਾਂ 1.29 ਫੀਸਦੀ ਦੇ ਵਾਧੇ ਨਾਲ 21,456.65 ਦੇ ਪੱਧਰ 'ਤੇ ਬੰਦ ਹੋਇਆ। ਸੈਂਸੈਕਸ ਦੇ 30 ਵਿੱਚੋਂ 24 ਸ਼ੇਅਰ ਅੱਜ ਵਾਧੇ ਨਾਲ ਬੰਦ ਹੋਏ। ਇਸ 'ਚ ਵੀ ਟੈਕ ਦੇ ਸੇਅਰਾਂ 'ਚ ਸਭ ਤੋਂ ਜ?ਿਆਦਾ 5.58 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਜਦੋਂ ਕਿ ਟਾਟਾ ਕੰਸਲਟੈਂਸੀ ਸਰਵਿਸਿਜ (ਟੀਸੀਐੱਸ), ਇਨਫੋਸਿਸ, ਸਟੇਟ ਬੈਂਕ ਆਫ ਇੰਡੀਆ (ਐੱਸਬੀਆਈ) ਅਤੇ ਟੈਕ ਮਹਿੰਦਰਾ ਦੇ ਸੇਅਰ 3.44 ਫੀਸਦੀ ਤੋਂ 5.28 ਫੀਸਦੀ ਤੱਕ ਦੇ ਵਾਧੇ ਨਾਲ ਬੰਦ ਹੋਏ। ਸੈਂਸੈਕਸ ਦੇ ਸਿਰਫ 6 ਸੇਅਰ ਅੱਜ ਗਿਰਾਵਟ ਨਾਲ ਬੰਦ ਹੋਏ। ਇਸ 'ਚ ਨੈਸਲੇ ਇੰਡੀਆ ਦਾ ਸੇਅਰ 1.75 ਫੀਸਦੀ ਦੀ ਗਿਰਾਵਟ ਨਾਲ ਟਾਪ ਹਾਰਨ ਵਾਲਾ ਸ਼ੇਅਰ ਰਿਹਾ। ਉਥੇ ਹੀ, ਨੇਸਲੇ ਇੰਡੀਆ, ਟਾਈਟਨ, ਜੇਐੱਸਡਬਲਯੂ ਸਟੀਲ ਅਤੇ ਮਾਰੂਤੀ ਸੁਜੂਕੀ ਦੇ ਸੇਅਰ 0.18 ਫੀਸਦੀ ਤੋਂ 1.30 ਫੀਸਦੀ ਦੀ ਗਿਰਾਵਟ ਦੇ ਨਾਲ ਲਾਲ ਨਿਸਾਨ 'ਤੇ ਬੰਦ ਹੋਏ।

ਭਾਰਤ ਦਾ ਨਿਰਯਾਤ ਨਵੰਬਰ 'ਚ 2.83 ਫੀਸਦੀ ਘੱਟ ਕੇ ਹੋਇਆ 33.9 ਅਰਬ ਡਾਲਰ: ਸਰਕਾਰੀ ਅੰਕੜੇ

ਨਵੀਂ ਦਿੱਲੀ 17 ਅਗਸਤ। ਭਾਰਤ ਦਾ ਨਿਰਯਾਤ ਇਸ ਸਾਲ ਨਵੰਬਰ 'ਚ 2.83 ਫੀਸਦੀ ਘੱਟ ਕੇ 33.90 ਅਰਬ ਅਮ

41 ਲੱਖ ਦੀ ਠੱਗੀ ਮਾਰਨ ਵਾਲੇ ਵਿਅਕਤੀ ਵਿਰੁੱਧ ਕੇਸ ਦਰਜ

ਬਟਾਲਾ 17 ਅਗਸਤ। 41 ਲੱਖ ਦੀ ਠੱਗੀ ਮਾਰਨ ਵਾਲੇ ਵਿਅਕਤੀ ਖ਼ਿਲਾਫ ਥਾਣਾ ਸਿਟੀ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਪੁਲਸ ਨੂੰ ਦਿੱਤੀ ਦਰਖਾਸਤ ਵਿਚ ਸਿਮਰਨ ਭਾਟੀਆ ਪਤਨੀ ਸਵ. ਰਮੇਸ਼ ਭਾਟੀਆ ਵਾਸੀ ਧਰਮਪੁਰਾ ਕਾਲੋਨੀ ਬਟਾਲਾ ਨੇ ਦੱਸਿਆ ਕਿ ਕਿਰਨ ਇੰਦਰਪਾਲ ਸਿੰਘ ਪੁੱਤਰ ਹਰਦੇਵ ਸਿੰਘ ਵਾਸੀ ਧਰਮਪੁਰਾ ਕਾਲੋਨੀ ਬਟਾਲਾ ਨੇ ਉਸ ਨੂੰ ਆਪਣੀ ਦੁਕਾਨ ਗਹਿਣੇ ਕਰਕੇ 41 ਲੱਖ ਰੁਪਏ ਲੈ ਲਏ ਸਨ ਅਤੇ ਜਦੋਂ ਮੁਖਤਾਰਨਾਮੇ 'ਤੇ ਦਸਤਖ਼ਤ ਕਰਨ ਦਾ ਸਮਾਂ ਆਇਆ ਤਾਂ ਉਕਤ ਵਿਅਕਤੀ ਨੇ ਨਾ ਤਾਂ ਰਜਿਸਟਰੀ/ਕਬਜ਼ਾ ਦਿੱਤਾ ਅਤੇ ਨਾ ਹੀ ਮੇਰੇ ਕੋਲੋਂ ਹਾਸਲ ਕੀਤੇ 41 ਲੱਖ ਰੁਪਏ ਵਾਪਸ ਕੀਤੇ ਅਤੇ ਅਜਿਹਾ ਕਰਕੇ ਉਕਤ ਵਿਅਕਤੀ ਨੇ ਮੇਰੇ ਨਾਲ ਧੋਖਾਦੇਹੀ ਕਰਦਿਆਂ ਠੱਗੀ ਮਾਰੀ ਹੈ। ਉਕਤ ਮਾਮਲੇ ਦੀ ਜਾਂਚ ਡੀ. ਆਈ. ਜੀ. ਬਾਰਡਰ ਰੇਂਜ ਅੰਮ੍ਰਿਤਸਰ ਵੱਲੋਂ ਕੀਤੇ ਜਾਣ ਤੋ ਬਾਅਦ ਐੱਸ. ਆਈ. ਬਲਵਿੰਦਰ ਸਿੰਘ ਨੇ ਕਾਰਵਾਈ ਕਰਦਿਆਂ ਥਾਣਾ ਸਿਟੀ ਵਿਚ ਕਿਰਨ ਇੰਦਰਪਾਲ ਸਿੰਘ ਵਿਰੁੱਧ ਧਾਰਾ-420 ਆਈ. ਪੀ. ਸੀ. ਤਹਿਤ ਧੋਖਾਦੇਹੀ ਦਾ ਕੇਸ ਦਰਜ ਕਰ ਦਿੱਤਾ ਹੈ।

ਨੌਜਵਾਨ ਨੇ 11 ਸਾਲਾ ਬੱਚੀ ਨਾਲ ਕੀਤਾ ਰੇਪ

ਬਲੀਆ 17 ਅਗਸਤ। ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਦੇ ਇਕ ਪਿੰਡ 'ਚ 11 ਸਾਲਾ ਬੱਚੀ ਨਾਲ ਜਬਰ ਜ਼ਿਨਾਹ ਕਰਨ ਅਤੇ ਉਸ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝਾ ਕਰਨ ਦੇ ਦੋਸ਼ 'ਚ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਰਸੜਾ ਖੇਤਰ ਦੇ ਪੁਲਸ ਡਿਪਟੀ ਸੁਪਰਡੈਂਟ ਮੁਹੰਮਦ ਫਹੀਮ ਕੁਰੈਸ਼ੀ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਰਸੜਾ ਥਾਣਾ ਖੇਤਰ ਦੇ ਇਕ ਪਿੰਡ ਦੀ ਰਹਿਣ ਵਾਲੀ ਬੱਚੀ ਦਾ ਉਸ ਦੇ ਪਿੰਡ ਹੀ ਨੌਜਵਾਨ ਕੱਲੂ (20) ਨੇ ਜਬਰ ਜ਼ਿਨਾਹ ਕੀਤਾ ਅਤੇ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝਾ ਕਰ ਦਿੱਤਾ। ਇਸ ਤੋਂ ਬਾਅਦ ਪੀੜਤਾ ਦੇ ਪਰਿਵਾਰ ਵਾਲਿਆਂ ਨੂੰ ਇਸ ਬਾਰੇ ਜਾਣਕਾਰੀ ਹੋਈ। ਉਨ੍ਹਾਂ ਦੱਸਿਆ ਕਿ ਪੀੜਤਾ ਦੇ ਪਿਤਾ ਦੀ ਸ਼ਿਕਾਇਤ 'ਤੇ ਇਸ ਮਾਮਲੇ 'ਚ ਕੱਲੂ ਵਿਰੁੱਧ 11 ਅਗਸਤ ਨੂੰ ਨਾਮਜਦ ਮੁਕੱਦਮਾ ਦਰਜ ਕੀਤਾ ਗਿਆ।

ਨਸੇ ਲਈ ਬਦਨਾਮ ਪਿੰਡ ਦੇ 71 ਲੋਕਾਂ ਨੂੰ ਘਰ ਖਾਲੀ ਕਰਨ ਦੇ ਨੋਟਿਸ

ਗੁਰਦਾਸਪੁਰ 17 ਅਗਸਤ। ਬੀਤੀ 15 ਜੂਨ ਨੂੰ ਪਿੰਡ ਡੀਡਾ ਸਾਸੀਆਂ 'ਚ ਨਸੇ ਦੀ ਓਵਰਡੋਜ ਨਾਲ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਸੀ, ਜਿਸ ਤੋਂ ਬਾਅਦ ਪਿੰਡ ਵਿੱਚ ਦਹਿਸਤ ਦਾ ਮਾਹੌਲ ਬਣ ਗਿਆ ਹੈ ਅਤੇ ਘਟਨਾ ਦੇ ਅਗਲੇ ਹੀ ਦਿਨ ਪਿੰਡ ਵਿੱਚ ਨਸਾ ਤਸਕਰੀ ਵਿੱਚ ਸਾਮਲ ਕਰੀਬ ਛੇ ਘਰਾਂ ਦੇ ਲੋਕ ਪਿੰਡ ਛੱਡ ਕੇ ਫਰਾਰ ਹੋ ਗਏ ਸਨ ਅਤੇ ਪੁਲਸ ਪ੍ਰਸਾਸਨ ਨੇ ਉਕਤ ਛੇ ਘਰਾਂ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਸੀ। ਹੁਣ ਇਸ ਮਾਮਲੇ ਵਿੱਚ ਨਵਾਂ ਮੋੜ ਆ ਗਿਆ ਹੈ। ਜਦੋਂ ਨਹਿਰੀ ਵਿਭਾਗ ਨੇ ਉਕਤ ਪਿੰਡ ਦੇ 71 ਲੋਕਾਂ ਨੂੰ ਮਕਾਨ ਖਾਲੀ ਕਰਨ ਦੇ ਨੋਟਿਸ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚੋਂ ਸਿਰਫ 56 ਲੋਕਾਂ ਨੂੰ ਹੀ ਨੋਟਿਸ ਮਿਲੇ ਹਨ। ਪਿੰਡ ਵਾਸੀਆਂ ਦਾ ਦੋਸ ਹੈ ਕਿ ਜ਼ਿਲ੍ਹਾ ਪ੍ਰਸਾਸਨ ਪੂਰੇ ਪਿੰਡ ਨੂੰ ਬਦਨਾਮ ਕਰਨਾ ਚਾਹੁੰਦਾ ਹੈ ਅਤੇ ਨਸਾ ਤਸਕਰਾਂ ਦੀ ਆੜ ਵਿੱਚ ਉਨ੍ਹਾਂ ਦੇ ਘਰ ਖਾਲੀ ਕਰਵਾਏ ਜਾ ਰਹੇ ਹਨ, ਜਦਕਿ ਦੂਜੇ ਪਾਸੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਿਸੇ ਸਾਜ਼ਿਸ਼ ਦਾ ਨਤੀਜਾ ਨਹੀਂ ਸਗੋਂ ਰੁਟੀਨ ਕੰਮਾਂ ਦਾ ਨਤੀਜਾ ਹੈ। ਪਿੰਡ ਦੀ ਮਹਿਲਾ ਸਰਪੰਚ ਕਮਲੇਸ ਕੁਮਾਰੀ, ਵਿਕਰਾਂਤ, ਕਰਨ ਕੁਮਾਰ, ਪਰਮਜੀਤ, ਸੰਜੂ ਅਤੇ ਕੁਲਦੀਪ ਨੇ ਦੱਸਿਆ ਕਿ ਪਿੰਡ ਵਿੱਚ ਨਸੇ ਦੀ ਓਵਰਡੋਜ ਨਾਲ ਨੌਜਵਾਨਾਂ ਦੀ ਮੌਤ ਹੋਣ ਤੋਂ ਬਾਅਦ ਪੁਲਸ ਪ੍ਰਸਾਸਨ ਵੱਲੋਂ ਸਮੇਂ-ਸਮੇਂ 'ਤੇ ਉਨ੍ਹਾਂ ਦੇ ਪਿੰਡ ਵਿੱਚ ਸਰਚ ਅਭਿਆਨ ਚਲਾਇਆ

ਜਾਂਦਾ ਹੈ। ਇਸ ਕਾਰਨ ਪਿੰਡ ਵਿੱਚ ਨਸ਼ਿਆਂ ਦੇ ਕਾਰੋਬਾਰ ਦੇ ਸੱਕੀ ਲੋਕ ਪਿੰਡ ਛੱਡ ਕੇ ਚਲੇ ਗਏ ਹਨ ਅਤੇ ਜ਼ਿਲ੍ਹਾ ਪ੍ਰਸਾਸਨ ਵੱਲੋਂ ਜੂਨ ਦੇ ਅੰਤ ਵਿੱਚ ਛੇ ਨੋਟਿਸ ਜਾਰੀ ਕਰਕੇ ਹੁਣ ਬਾਕੀਆਂ ਦੇ ਘਰਾਂ ਨੂੰ ਖਾਲੀ ਕਰਨ ਲਈ ਕਿਹਾ ਗਿਆ ਸੀ। ਪਰ ਹੁਣ ਜ਼ਿਲ੍ਹਾ ਪ੍ਰਸਾਸਨ ਨਸਾ ਤਸਕਰਾਂ ਦੀ ਆੜ ਵਿੱਚ ਪੂਰੇ ਪਿੰਡ ਨੂੰ ਘੇਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕੁਝ ਵਿਅਕਤੀ ਨਸੇ ਦਾ ਧੰਦਾ ਕਰਦੇ ਸਨ, ਜਿਨ੍ਹਾਂ ਖ਼ਿਲਾਫ ਪੁਲਸ ਵੱਲੋਂ ਕੇਸ ਦਰਜ ਕਰਕੇ ਕੁਝ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਜਦਕਿ ਕੁਝ ਵਿਅਕਤੀ ਫਰਾਰ ਹਨ। ਪੁਲਸ ਦੀ ਇਸ ਕਾਰਵਾਈ ਤੋਂ ਪਿੰਡ ਦੇ ਲੋਕ ਵੀ ਖੁਸ ਹਨ। ਪਰ ਹੁਣ ਨਹਿਰੀ ਵਿਭਾਗ ਵੱਲੋਂ ਪਿੰਡ ਦੇ 71 ਲੋਕਾਂ ਨੂੰ ਘਰ ਖਾਲੀ ਕਰਨ ਦਾ ਨੋਟਿਸ ਜਾਰੀ ਕੀਤਾ ਗਿਆ ਹੈ ਕਿ ਉਕਤ ਘਰ ਨਹਿਰੀ ਵਿਭਾਗ ਦੀ ਜਮੀਨ 'ਤੇ ਕਬਜਾ ਕਰਕੇ ਬਣਾਏ ਗਏ ਹਨ। ਉਨ੍ਹਾਂ ਨੇ ਕਿਹਾ ਕਿ ਪਿੰਡ 'ਚ ਉਨ੍ਹਾਂ ਦੇ ਦਾਦਾ ਪੜਦਾਦਾ ਪਿਛਲੇ 150 ਸਾਲਾਂ ਤੋਂ ਵੱਧ ਸਮੇਂ ਰਹੇ ਹਨ । ਇਹ ਸਿਰਫ ਪਿੰਡ ਨੂੰ ਬਦਨਾਮ ਅਤੇ ਨਹਿਰ ਕਿਨਾਰੇ ਬਣੇ ਘਰਾਂ ਦੇ ਲੋਕਾਂ ਨੂੰ ਬੇਘਰ ਕਰਨ ਲਈ ਕੀਤਾ ਜਾ ਰਿਹਾ ਹੈ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਪਿੰਡ 'ਚ ਬਹੁਤ ਸਾਰੇ ਲੋਕ ਸਰਕਾਰੀ ਨੌਕਰੀਆਂ ਕਰਦੇ ਹਨ, ਕੁਝ ਇਨ੍ਹਾਂ 'ਚੋਂ ਫੌਜ 'ਚ ਵੀ ਹਨ । ਜਰੂਰੀ ਨਹੀਂ ਕਿ ਪਿੰਡ ਦੇ ਸਾਰੇ ਲੋਕ ਨਸ਼ਾ ਤਸਕਰ ਹੀ ਹੋਣ।

ਮੋਟਰ ਸਾਈਕਲ ਸਵਾਰ ਲੁਟੇਰਿਆਂ ਨੇ ਘਰ ਦੇ ਬਾਹਰ ਔਰਤ ਦੀਆ ਵਾਲੀਆਂ ਝਪਟੀਆਂ

ਕੋਟਫਤੂਹੀ, 17 ਅਗਸਤ। ਸਥਾਨਕ ਸ਼ਰਮਾ ਰੋਡ 'ਤੇ ਦੇਰ ਸਾਮ ਇਕ ਔਰਤ ਦੀਆਂ ਉਸ ਦੇ ਘਰ ਦੇ ਬਾਹਰ ਹੀ ਦੋ ਅਣਪਛਾਤੇ ਮੋਟਰ ਸਾਈਕਲ ਸਵਾਰ ਲੁਟੇਰਿਆਂ ਵੱਲੋਂ ਸੋਨੇ ਦੀਆ ਵਾਲੀਆਂ ਝੱਪਟ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸੁਰਿੰਦਰ ਕੌਰ ਪਤਨੀ ਸਵ. ਧਰਮਪਾਲ, ਪਿੰਡ ਕੋਟ ਫਤੂਹੀ ਵਿਚੋਂ ਤੀਆਂ ਦਾ ਤਿਉਹਾਰ ਵੇਖ ਕੇ ਆਪਣੀਆਂ 2 ਪੋਤਰੀਆਂ ਤੇ ਇਕ ਹੋਰ ਗੁਆਂਢੀਆਂ ਦੀ ਲੜਕੀ ਨਾਲ ਘਰ ਵੱਲ ਨੂੰ ਪੈਦਲ ਵਾਪਸ ਆ ਰਹੀਆ ਸਨ। ਜਦੋਂ ਉਹ ਪਿੰਡ ਦੇ ਡਾ. ਸਰਮਾ ਰੋਡ ਤੋਂ ਦੋ ਕੁ ਸੌ ਫੁੱਟ ਦੀ ਦੂਰੀ ਉੱਪਰ ਆਪਣੇ ਘਰ ਦੇ ਬਿਲਕੁਲ ਦਰਵਾਜੇ ਅੱਗੇ ਪਹੁੰਚੀਆਂ ਤਾਂ ਪਿੱਛੋਂ ਮੋਟਰ ਸਾਈਕਲ ਸਵਾਰ ਦੋ ਨੌਜਵਾਨ ਜਿਨ੍ਹਾਂ ਵਿੱਚੋਂ ਮੋਟਰ ਸਾਈਕਲ ਚਾਲਕ ਨੇ ਮੂੰਹ ਕੱਪੜੇ ਨਾਲ ਢਕਿਆ ਹੋਇਆ ਸੀ ਤੇ ਪਿਛਲੇ ਨੌਜਵਾਨ ਨੇ ਹੈਲਮਟ ਪਹਿਨਿਆ ਹੋਇਆ ਸੀ ਤੇ ਉੱਪਰ ਪੀਲੇ ਰੰਗ ਦਾ ਪਰਨਾ ਲਿਆ ਹੋਇਆ ਸੀ, ਉਨ੍ਹਾਂ ਬਜੁਰਗ ਔਰਤ ਦੇ ਕਰੀਬ ਪਹੁੰਚ ਕੇ ਮੋਟਰ ਸਾਈਕਲ ਰੋਕਿਆ ਤੇ ਤੇਜੀ ਨਾਲ ਮੋਟਰ ਸਾਈਕਲ ਪਿੱਛੇ ਬੈਠੇ ਨੌਜਵਾਨ ਨੇ ਉਤਰ ਕੇ ਮਾਤਾ ਦੇ ਕੰਨਾਂ ਵਿੱਚੋਂ ਵਾਲੀਆਂ ਝਪਟ ਕੇ ਕੋਟ ਫਤੂਹੀ ਬਜਾਰ ਵੱਲ ਨੂੰ ਰਫੂ ਚੱਕਰ ਨੂੰ ਹੋ ਗਏ।

ਕ੍ਰੈਡਿਟ ਕਾਰਡ ਦੀ ਲਿਮਟ ਵਧਾਉਣ ਦਾ ਝਾਂਸਾ ਦੇ ਮਾਰੀ ਠੱਗੀ, ਚਾਰ ਵਿਅਕਤੀ ਗ੍ਰਿਫ਼ਤਾਰ

ਮੁੰਬਈ 17 ਅਗਸਤ। ਮੁੰਬਈ ਪੁਲਸ ਨੇ ਕ੍ਰੈਡਿਟ ਕਾਰਡ ਦੀ ਸੀਮਾ ਵਧਾਉਣ ਦਾ ਝਾਂਸਾ ਦੇ ਕੇ ਧੋਖਾਧੜੀ ਕਰਨ ਵਾਲੇ ਗਿਰੋਹ ਵਿਚ ਕਥਿਤ ਤੌਰ 'ਤੇ ਸ਼ਾਮਿਲ ਚਾਰ ਲੋਕਾਂ ਨੂੰ ਦਿੱਲੀ ਤੋਂ ਗ੍ਰਿਫਤਾਰ ਕੀਤਾ ਹੈ। ਇਸ ਘਟਨਾ ਦੀ ਜਾਣਕਾਰੀ ਇਕ ਅਧਿਕਾਰੀ ਨੇ ਸਨੀਵਾਰ ਨੂੰ ਦਿੱਤੀ ਹੈ। ਅਧਿਕਾਰੀ ਨੇ ਦੱਸਿਆ ਕਿ ਮੁਲਜਮ ਸਾਜਿਦ ਖਾਨ (22), ਸਮੀਰ ਖਾਨ (24), ਪਰਵੇਜ ਖਾਨ (25) ਅਤੇ ਨਦੀਮ ਚੌਧਰੀ (21) ਨੂੰ ਹਾਲ ਹੀ ਵਿੱਚ ਦਿੱਲੀ ਦੇ ਮਹਿਰੌਲੀ ਇਲਾਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮਈ ਵਿਚ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਇੱਕ ਮੁਲਜਮ ਨੇ ਬੈਂਕ ਦਾ ਅਧਿਕਾਰੀ ਦੱਸ ਕੇ ਉਸ ਨਾਲ ਫੋਨ 'ਤੇ ਸੰਪਰਕ ਕੀਤਾ ਅਤੇ ਕ੍ਰੈਡਿਟ ਕਾਰਡ ਦੀ ਲਿਮਟ ਵਧਾਉਣ ਦਾ ਝਾਂਸਾ ਦਿੱਤਾ। ਅਧਿਕਾਰੀ ਨੇ ਦੱਸਿਆ ਕਿ



ਸ਼ਿਕਾਇਤਕਰਤਾ ਨੂੰ ਇੱਕ ਵੈਬਸਾਈਟ 'ਤੇ ਆਪਣੇ ਬੈਂਕ ਵੇਰਵੇ ਭਰਨ ਲਈ ਕਿਹਾ ਗਿਆ ਸੀ ਅਤੇ ਵੇਰਵਿਆਂ ਦੀ ਵਰਤੋਂ ਕਰਦੇ ਹੋਏ, ਦੋਸੀ ਨੇ ਉਸਦੇ ਮੋਬਾਈਲ ਫੋਨ ਤੱਕ ਪਹੁੰਚ ਕੀਤੀ ਅਤੇ ਉਸਦੇ ਖਾਤੇ ਤੋਂ 91,000 ਰੁਪਏ ਕਢਵਾ ਲਏ। ਉਨ੍ਹਾਂ ਕਿਹਾ ਕਿ ਕਾਲਾਚੌਕੀ ਪੁਲਸ ਦੇ ਸਾਈਬਰ ਅਤੇ ਅਪਰਾਧ ਜਾਂਚ ਦਸਤੇ ਨੇ ਅਪਰਾਧ ਵਿੱਚ ਵਰਤੇ ਗਏ ਮੋਬਾਈਲ ਫੋਨ ਦੇ ਕਾਲ ਰਿਕਾਰਡ ਅਤੇ ਬੈਂਕ ਲੈਣ-ਦੇਣ ਦੇ ਵੇਰਵਿਆਂ ਦਾ ਵਿਸਲੇਸਣ ਕੀਤਾ ਅਤੇ ਦਾ ਪਤਾ ਲਗਾਉਣ ਲਈ ਬੈਂਕ ਨਾਲ ਸੰਪਰਕ ਕੀਤਾ ਜਿੱਥੋਂ ਮੁਲਜਮ ਨੇ ਪੈਸੇ ਕਢਵਾਏ ਸਨ। ਅਧਿਕਾਰੀ ਨੇ ਦੱਸਿਆ ਕਿ ਛਤਰਪੁਰ 'ਚ ਸਥਾਨਕ ਪੁਲਸ ਦੀ ਮਦਦ ਨਾਲ ਸਾਜਿਦ ਦਾ ਪਤਾ ਲਗਾਇਆ ਗਿਆ ਅਤੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ, ਜਿਸ ਤੋਂ ਬਾਅਦ ਹੋਰਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜਮਾਂ ਖ਼ਿਲਾਫ ਭਾਰਤੀ ਦੰਡਾਵਲੀ ਅਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

ਪੰਜਾਬ ਭਰ 'ਚ ਓ. ਪੀ. ਡੀ. ਸੇਵਾਵਾਂ ਠੱਪ, ਰਾਜਿੰਦਰਾ ਹਸਪਤਾਲ ਵੀ ਪੂਰੀ ਤਰ੍ਹਾਂ ਬੰਦ

ਪਟਿਆਲਾ 17 ਅਗਸਤ। ਪਟਿਆਲਾ ਜ਼ਿਲ੍ਹੇ ਸਮੇਤ ਪੰਜਾਬ ਭਰ ਵਿਚ ਪ੍ਰਮੁੱਖ ਸਿਹਤ ਸੰਸਥਾਵਾਂ ਵਿਚ ਓ. ਪੀ. ਡੀ. ਸੇਵਾਵਾਂ ਠੱਪ ਰਹੀਆਂ। ਜ਼ਿਲ੍ਹੇ ਵਿਚ ਸਰਕਾਰੀ ਰਾਜਿੰਦਰਾ ਹਸਪਤਾਲ, ਜ਼ਿਲ੍ਹਾ ਪੱਧਰੀ ਮਾਤਾ ਕੌਸਲਿਆ ਹਸਪਤਾਲ, ਆਮ ਆਦਮੀ ਕਲੀਨਿਕਾਂ, ਡਿਸਪੈਂਸਰੀਆਂ, ਕਮਿਊਨਿਟੀ ਹੈਲਥ ਸੈਂਟਰਾਂ, ਪ੍ਰਾਇਮਰੀ ਹੈਲਥ ਸੈਂਟਰਾਂ ਆਦਿ ਵਿਚ ਓ. ਪੀ. ਡੀ. ਸੇਵਾਵਾਂ ਅੱਜ ਮੁਕੰਮਲ ਤੌਰ 'ਤੇ ਠੱਪ ਰਹੀਆਂ ਜਿਸ ਨਾਲ ਆਮ ਮਰੀਜਾਂ ਨੂੰ ਵੀ ਭਾਰੀ ਮੁਸਕਿਲਾਂ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਿਵਲ ਮੈਡੀਕਲ ਸਰਵਿਸਿਜ ਐਸੋਸੀਏਸਨ (ਪੀ. ਸੀ. ਐੱਮ. ਐੱਸ. ਏ) ਨੇ ਦੋ ਦਿਨ ਪਹਿਲਾਂ ਹੀ ਐਲਾਨ ਕੀਤਾ ਸੀ ਕਿ 17 ਅਗਸਤ ਨੂੰ ਓ. ਪੀ. ਡੀ. ਸੇਵਾਵਾਂ ਮੁਕੰਮਲ ਠੱਪ ਕੀਤੀਆਂ ਜਾਣਗੀਆਂ ਤੇ ਆਮ ਆਦਮੀ ਕਲੀਨਿਕ ਸਮੇਤ ਸਮੁੱਚੇ ਸਿਹਤ ਕੇਂਦਰਾਂ ਵਿਚ ਇਹ ਸੇਵਾਵਾਂ ਬੰਦ ਰਹਿਣਗੀਆਂ। ਦੂਜੇ ਪਾਸੇ ਰੈਜੀਡੈਂਟ ਡਾਕਟਰਾਂ ਦੀ ਕੌਮੀ ਪੱਧਰ ਦੀ ਜਥੇਬੰਦੀ ਫੈਡਰੇਸਨ ਆਫ ਰੈਜੀਡੈਂਟ ਡਾਕਟਰਜ ਐਸੋਸੀਏਸਨ (ਐੱਫ. ਓ. ਆਰ. ਡੀ. ਏ) ਜਿਸ ਨੇ ਪਹਿਲਾਂ ਕੇਂਦਰੀ ਸਿਹਤ ਮੰਤਰੀ ਜੇ . ਪੀ. ਨੱਢਾ ਨਾਲ ਮੀਟਿੰਗ ਮਗਰੋਂ ਹੜਤਾਲ ਵਾਪਸ ਲੈ ਲਈ ਸੀ, ਨੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਦਿਆਂ ਹੜਤਾਲ ਜਾਰੀ ਰੱਖਣ ਤੇ ਓ. ਪੀ. ਡੀ. ਸੇਵਾਵਾਂ ਮੁੜ ਠੱਪ ਕਰਨ ਦਾ ਐਲਾਨ ਬੀਤੀ ਰਾਤ ਕਰ ਦਿੱਤਾ ਸੀ। ਇਸ ਕਾਰਨ ਰਾਜਿੰਦਰਾ ਹਸਪਤਾਲ ਅਤੇ ਮਾਤਾ ਕੌਸਲਿਆ ਹਸਪਤਾਲ ਵਿਚ ਓ. ਪੀ. ਡੀ. ਸੇਵਾਵਾਂ ਪ੍ਰਭਾਵਤ ਹੋਈਆਂ।

ਬਾਬੇ ਤੋਂ ਪੁੱਤ ਦੀ ਦਾਤ ਮੰਗਣ ਗਈ ਸੀ ਔਰਤ, ਇਸ਼ਨਾਨ ਦੇ ਬਹਾਨੇ ਮੋਟਰ 'ਤੇ ਲੈ ਕੇ ਕੀਤਾ ਵੱਡਾ ਕਾਂਡ

ਤਰਨਤਾਰਨ 17 ਅਗਸਤ। ਅੱਜ ਕੱਲ੍ਹ ਲੋਕਾਂ 'ਚ ਅੰਧ ਵਿਸ਼ਵਾਸ ਇੰਨਾ ਕੁ ਬਹੁਤ ਵੱਧ ਗਿਆ ਹੈ ਕਿ ਲੋਕ ਆਪਣੀ ਪ੍ਰੇਸ਼ਾਨੀਆਂ ਲੈ ਕੇ ਸਾਧੂ, ਸੰਤਾਂ ਕੋਲ ਜਾਣ ਲੱਗ ਜਾਂਦੇ ਹਨ ਅਤੇ ਆਪਣਾ ਸਭ ਕੁਝ ਗੁਆ ਬੈਠਦੇ ਹਨ। ਅਜਿਹਾ ਹੀ ਇਕ ਮਾਮਲਾ ਤਰਨਤਾਰਨ ਤੋਂ ਸਾਹਮਣੇ ਆਇਆ ਹੈ ਜਿਥੇ ਇਕ ਔਰਤ ਅੰਧ ਵਿਸ਼ਵਾਸ 'ਚ ਪੁੱਤ ਦੀ ਦਾਤ ਮੰਗਣ ਲਈ ਬਾਬੇ ਕੋਲ ਗਈ ਤਾਂ ਉੱਥੇ ਉਸ ਨਾਲ ਬਾਬੇ ਵੱਲੋਂ ਗਲਤ ਕੰਮ ਕੀਤਾ ਗਿਆ, ਜਿਸ ਲਈ ਉਹ ਇਨਸਾਫ ਦੀ ਗੁਹਾਰ ਲਗਾ ਰਹੀ ਹੈ। ਇਸ ਦੌਰਾਨ ਪੀੜਤ ਔਰਤ ਨੇ ਦੱਸਿਆ ਕਿ ਜਿਹੜੇ ਬਾਬੇ ਨੇ ਗੁਰੂਆਂ ਦੇ ਬਾਣੇ ਪਾਏ ਹਨ ਇਨ੍ਹਾਂ ਨੇ ਮੇਰੀ ਇੱਜਤ ਲੁੱਟੀ ਹੈ। ਉਸ ਨੇ ਕਿਹਾ ਕਿ ਬਾਬੇ ਦਾ ਨਾਂ ਕੁਲਵੰਤ ਸਿੰਘ ਕਾਂਤਾ ਸੀਤੋਵਾਲਾ ਹੈ, ਅਸੀਂ ਪੁੱਤਰ ਦੀ ਦਾਤ ਲਈ ਬਾਬੇ ਕੋਲ ਗਏ ਸੀ ਪਰ ਸਾਨੂੰ ਨਹੀਂ ਸੀ ਪਤਾ ਕਿ ਬਾਬਾ ਇਸ ਤਰ੍ਹਾਂ ਦੇ ਕੰਮ ਕਰਦਾ ਹੈ। ਉਸ ਨੇ ਕਿਹਾ ਕਿ ਬਾਬੇ ਨੇ ਮੈਨੂੰ ਕਿਹਾ ਸੀ ਕਿ ਤੁਹਾਨੂੰ ਪੁੱਤਰ ਮਿਲੇਗਾ ਇਸ ਵਾਸਤੇ ਤੁਹਾਨੂੰ 5

ਇਸ਼ਨਾਨ ਕਰਨੇ ਪੈਣਗੇ ਜਿਸ ਤੋਂ ਬਾਅਦ ਉਨ੍ਹਾਂ ਨੇ ਸਾਨੂੰ ਗੋਲੀਆਂ ਦੇ ਦਿੱਤੀਆਂ ਅਤੇ ਮੇਰਾ ਘਰਵਾਲਾ ਸੌਂ ਰਿਹਾ। ਇਸ ਦੌਰਾਨ ਰਾਤ ਨੂੰ ਬਾਬਾ ਮੈਨੂੰ ਮੋਟਰ 'ਤੇ ਇਸ਼ਨਾਨ ਕਰਨ ਲਈ ਲੈ ਗਿਆ, ਜਿੱਥੇ ਉਸ ਨੇ ਮੇਰੀ ਇੱਜਤ ਲੁੱਟੀ। ਔਰਤ ਨੇ ਦੱਸਿਆ ਮੈਨੂੰ ਹੋਸ਼ ਨਹੀਂ ਸੀ ਜਦੋਂ ਢਾਈ ਘੰਟੇ ਬਾਅਦ ਮੈਨੂੰ ਹੋਸ਼ ਆਈ ਤਾਂ ਮੈਂ ਕਿਸੇ ਤਰ੍ਹਾਂ ਨਾਲ ਆਪਣੀ ਜਾਨ ਬਚਾ ਕੇ ਘਰ ਆਈ । ਔਰਤ ਨੇ ਦੱਸਿਆ ਬਾਬੇ ਨੇ ਮੈਨੂੰ ਕਿਹਾ ਸੀ ਕਿ ਜੇਕਰ ਤੈਨੂੰ ਘਰ ਇਸ਼ਨਾਨ ਕਰਾਇਆ ਤਾਂ ਭੁੱਤ ਪਿੱਛੇ ਲੱਗ ਜਾਣਗੇ ਜਿਸ ਤੋਂ ਬਾਅਦ ਉਹ ਮੈਨੂੰ ਮੋਟਰ 'ਤੇ ਲੈ ਗਿਆ ਅਤੇ ਮੇਰੇ ਨਾਲ ਗਲਤ ਕੰਮ ਕੀਤਾ ਗਿਆ। ਜਦੋਂ ਮੈਂ ਬਾਬੇ ਨੂੰ ਕਿਹਾ ਕਿ ਮੈਂ ਇਸ ਤਰ੍ਹਾਂ ਦੀ ਔਰਤ ਨਹੀਂ ਹਾਂ ਤਾਂ ਇਨ੍ਹਾਂ ਨੇ ਮ

ਬੈਨਰ ਨੇ ਪਕੜਵਾਇਆ ਕਾਤਲ

ਗੀਤਾ ਦੀ ਬੋਟੀ-ਬੋਟੀ ਕੱਟ ਕੇ ਉਸਨੂੰ ਕਈ ਪੋਲੀਥੀਨਾਂ ਵਿਚ ਬੰਨ੍ਹ ਕੇ ਦੂਰ ਦੂਰ ਅਲੱਗ ਅਲੱਗ ਥਾਵਾਂ ਤੇ ਸੁੱਟ ਦਿੱਤਾ। ਧੜ ਨੂੰ ਕੁਸਮਪੁਰ ਵਿਚ ਹੀ ਪਾਣੀ ਨਾਲ ਭਰੇ ਇਕ ਖੱਡੇ ਵਿਚ ਸੁੱਟ ਦਿੱਤਾ ਗਿਆ। ਸਿਰ ਨੂੰ ਜੱਕਨਪੁਰ ਥਾਣੇ ਦੇ ਕੋਲ ਗਯਾ ਵਿਚ ਸੁੱਟ ਦਿੱਤਾ, ਉਥੇ ਹੀ ਹੱਤਿਆ ਵਿਚ ਇਸਤੇਮਾਲ ਕੀਤੇ ਗਏ ਗੰਡਾਸੇ ਅਤੇ ਖਪਰੇ ਵਗੈਰਾ ਨੂੰ ਵੀ ਸੁੱਟ ਦਿੱਤਾ ਗਿਆ। ਹੱਥਾਂ-ਪੈਰਾਂ ਦੇ ਟੁਕੜਿਆਂ ਨੂੰ ਪਟਨਾ ਗਯਾ ਪਸੈਂਜਰ ਟ੍ਰੇਨ ਵਿਚ ਰੱਖ ਕੇ ਰੰਜਨ ਅਤੇ ਰਾਜੇਸ਼ ਪੁਨਪੁਨ ਰੇਲਵੇ ਸਟੇਸ਼ਨ ਤੇ ਉਤਰ ਗਏ। ਪਟਨਾ ਗਯਾ ਪਸੈਂਜਰ ਟ੍ਰੇਨ ਜਦੋਂ ਗਯਾ ਸਟੇਸ਼ਨ ਪਹੁੰਚੀ ਤਾਂ ਰੇਲਵੇ ਪੁਲਿਸ ਨੇ ਇਕ ਡੱਬੇ ਵਿਚ ਲਾਵਾਰਿਸ ਬੈਗ ਬਰਾਮਦ ਕੀਤਾ। ਉਸ ਬੈਗ ਵਿਚ ਹੱਥ ਪੈਰ ਦੇ ਟੁਕੜੇ ਮਿਲਣ ਕਾਰਨ ਗਯਾ ਪੁਲਿਸ ਨੇ 18 ਅਪ੍ਰੈਲ ਨੂੰ ਪਟਨਾ ਪੁਲਿਸ ਨੂੰ ਸੂਚਿਤ ਕੀਤਾ। ਪਟਨਾ ਪੁਲਿਸ ਨੂੰ ਧੜ ਅਤੇ ਸਿਰ ਪਹਿਲਾਂ ਹੀ ਮਿਲ ਚੁੱਕੇ ਸਨ। ਪਟਨਾ ਦੇ ਐਸ. ਐਸ. ਪੀ. ਮਨੂ ਮਹਾਰਾਜ ਕਹਿੰਦੇ ਹਨ ਕਿ ਅਪਰਾਧੀ ਚਾਹੇ ਕਿੰਨੀ ਵੀ ਚਲਾਕੀ ਕਰ ਲਵੇ, ਕੋਈ ਨਾ ਕੋਈ ਸਬੂਤ ਪੁਲਿਸ ਦੇ ਲਈ ਛੱਡ ਹੀ ਜਾਂਦਾ ਹੈ।

ਪਟਨਾ (ਗਯਾ) ਰੇਲਵੇ ਲਾਈਨ ਦੇ ਕੋਲ ਕਈ ਟੁਕੜਿਆਂ ਵਿਚ ਮਿਲੀ ਲਾਸ਼ ਦੀ ਗੁੱਥੀ ਨੂੰ ਇਕ ਬੈਨਰ ਨੇ ਸੁਲਝਾ ਦਿੱਤਾ। 45 ਸਾਲਾ ਗੀਤਾ ਦੀ ਲਾਸ਼ ਦੇ ਕੁਝ ਟੁਕੜੇ ਸਰਸਵਤੀ ਪੂਜਾ ਦੇ ਲਈ ਬਣੇ ਬੈਨਰ ਵਿਚ ਲਿਪਟੇ ਮਿਲੇ ਸਨ। ਉਸ ਬੈਨਰ ਤੇ ਫ੍ਰੈਂਡਸ ਕਲੱਬ ਲਿਖਿਆ ਹੋਇਆ ਸੀ। ਫ੍ਰੈਂਡਸ ਕਲੱਬ ਜੋ ਕਿ ਕੁਸਮਪੁਰ ਕਾਲੋਨੀ, ਨੱਥੂ ਰੋਡ, ਪਰਸਾ ਬਜ਼ਾਰ ਦਾ ਬਣਿਆ ਹੋਇਆ ਸੀ, ਨੇ ਸਾਰਾ ਭੇਦ ਖੋਲ੍ਹ ਦਿੱਤਾ।

ਇਸ ਗੁੱਥੀ ਨੂੰ ਸੁਲਝਾਉਣ ਦੇ ਲਈ ਸਦਰ ਅਨੁਮੰਡਲ ਪੁਲਿਸ ਇੰਸਪੈਕਟਰ ਦੀ ਅਗਵਾਈ ਵਿਚ ਜੱਕਨਪੁਰ ਥਾਣਾ ਇੰਚਾਰਜ ਅਮਰਿੰਦਰ ਕੁਮਾਰ ਝਾਅ ਅਤੇ ਪਰਸਾ ਬਜ਼ਾਰ ਥਾਣਾ ਮੁਖੀ ਅਤੇ ਦਰੋਗੇ ਦੀ ਟੀਮ ਬਣਾਈ ਗਈ।

ਪੁੱਛਗਿੱਛ ਤੋਂ ਬਾਅਦ ਪਤਾ ਲੱਗਿਆ ਕਿ ਉਸ ਬੈਨਰ ਨੂੰ ਰੰਜਨ ਅਤੇ ਮਕੈਨਿਕ ਰਾਜੇਸ਼ ਆਪਣੇ ਨਾਲ ਲੈ ਕੇ ਗਿਆ ਸੀ। ਪੁਲਿਸ ਨੇ ਤੁਰੰਤ ਰਾਜੇਸ਼ ਨੂੰ ਦਬੋਚ ਲਿਆ। ਰਾਜੇਸ਼ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਕਤਲ ਦੀ ਗੁੱਥੀ ਚੁਟਕੀਆਂ ਵਿਚ ਹੱਲ ਹੋ ਗਈ। ਗੀਤਾ ਦਾ ਕਤਲ ਉਸ ਦੇ ਆਪਣਿਆਂ ਨੇ ਹੀ ਕਰ ਦਿੱਤਾ ਸੀ। ਕਤਲ ਤੋਂ ਜ਼ਿਆਦਾ ਦਿਲ ਦਹਿਲਾਉਣ ਵਾਲਾ ਮਾਮਲਾ ਲਾਸ਼ ਨੂੰ ਠਿਕਾਣੇ ਲਗਾਉਣ ਲਈ ਕੀਤੀ ਗਈ ਹੈਵਾਨੀਅਤ ਸੀ।

ਗੀਤਾ ਦੇ ਪਤੀ ਉਮੇਸ਼ ਚੌਧਰੀ, ਬੇਟੀ ਪੂਨਮ ਦੇਵੀ ਅਤੇ ਜਵਾਈ ਰੰਜਨ ਨੇ ਮਿਲ ਕੇ ਗੀਤਾ ਦਾ ਕਤਲ ਕੀਤਾ ਸੀ। ਰੰਜਨ ਅਤੇ ਉਸ ਦੇ ਦੋਸਤ ਰਾਜੇਸ਼ ਨੇ ਮਿਲ ਕੇ ਲਾਸ਼ ਨੂੰ 15 ਛੋਟੇ-ਛੋਟੇ ਟੁਕੜਿਆਂ ਵਿਚ ਕੱਟਿਆ, ਉਮੇਸ਼, ਪੂਨਮ ਅਤੇ ਰਾਜੇਸ਼ ਨੂੰ ਪੁਲਿਸ ਨੇ ਦਬੋਚ ਲਿਆ ਹੈ, ਜਦਕਿ ਰੰਜਨ ਫਰਾਰ ਸੀ। ਹੱਤਿਆ ਵਿਚ ਵਰਤੇ ਗਏ 3 ਧਾਰਦਾਰ ਹਥਿਆਰ ਵੀ ਪੁਲਿਸ ਨੇ ਬਰਾਮਦ ਕਰ ਲਏ ਹਨ। ਰੰਜਨ ਅਤੇ ਰਾਜੇਸ਼ ਨੇ ਗੀਤਾ ਦੀ ਲਾਸ਼ ਨੂੰ ਚੌਕੀ ਤੇ ਰੱਖ ਕੇ ਅਤੇ ਵੱਡਾ ਤਿੱਖਾ ਚਾਕੂ (ਖਪਰਾ) ਲੈ ਕੇ ਪਹਿਲਾਂ ਸਿਰ ਨੂੰ ਧੜ ਤੋਂ ਅਲੱਗ ਕੀਤਾ।

ਸਿਰ ਨੂੰ ਕੱਟਣ ਤੋਂ ਬਾਅਦ ਖੂਨ ਦੇ ਫੁਹਾਰੇ ਵਹਿਣ ਲੱਗੇ ਤਾਂ ਖੂਨ ਨੂੰ ਇਕ ਪਲਾਸਟਿਕ ਦੇ ਟੱਬ ਵਿਚ ਇਕੱਠਾ ਕਰ ਲਿਆ ਅਤੇ ਟਾਇਲਟ ਦੇ ਬੇਸਿਨ ਵਿਚ ਸੁੱਟ ਕੇ ਫਲੱਸ਼ ਚਲਾ ਦਿੱਤਾ। ਉਸ ਤੋਂ ਬਾਅਦ ਲਾਸ਼ ਦੇ ਦੋਵੇਂ ਹੱਥਾਂ ਪੈਰਾਂ ਨੂੰ ਕੱਟਿਆ ਗਿਆ।

ਗੀਤਾ ਦੀ ਬੋਟੀ-ਬੋਟੀ ਕੱਟ ਕੇ ਉਸਨੂੰ ਕਈ ਪੋਲੀਥੀਨਾਂ ਵਿਚ ਬੰਨ੍ਹ ਕੇ ਦੂਰ ਦੂਰ ਅਲੱਗ ਅਲੱਗ ਥਾਵਾਂ ਤੇ ਸੁੱਟ ਦਿੱਤਾ। ਧੜ ਨੂੰ ਕੁਸਮਪੁਰ ਵਿਚ ਹੀ ਪਾਣੀ ਨਾਲ ਭਰੇ ਇਕ ਖੱਡੇ ਵਿਚ ਸੁੱਟ ਦਿੱਤਾ ਗਿਆ। ਸਿਰ ਨੂੰ ਜੱਕਨਪੁਰ ਥਾਣੇ ਦੇ ਕੋਲ ਗਯਾ ਵਿਚ ਸੁੱਟ ਦਿੱਤਾ, ਉਥੇ ਹੀ ਹੱਤਿਆ ਵਿਚ ਇਸਤੇਮਾਲ ਕੀਤੇ ਗਏ ਗੰਡਾਸੇ ਅਤੇ ਖਪਰੇ ਵਗੈਰਾ ਨੂੰ ਵੀ ਸੁੱਟ ਦਿੱਤਾ ਗਿਆ।

ਹੱਥਾਂ-ਪੈਰਾਂ ਦੇ ਟੁਕੜਿਆਂ ਨੂੰ ਪਟਨਾ ਗਯਾ ਪਸੈਂਜਰ ਟ੍ਰੇਨ ਵਿਚ ਰੱਖ ਕੇ ਰੰਜਨ ਅਤੇ ਰਾਜੇਸ਼ ਪੁਨਪੁਨ ਰੇਲਵੇ ਸਟੇਸ਼ਨ ਤੇ ਉਤਰ ਗਏ। ਪਟਨਾ ਗਯਾ ਪਸੈਂਜਰ ਟ੍ਰੇਨ ਜਦੋਂ ਗਯਾ ਸਟੇਸ਼ਨ ਪਹੁੰਚੀ ਤਾਂ ਰੇਲਵੇ ਪੁਲਿਸ ਨੇ ਇਕ ਡੱਬੇ ਵਿਚ ਲਾਵਾਰਿਸ ਬੈਗ ਬਰਾਮਦ ਕੀਤਾ। ਉਸ ਬੈਗ ਵਿਚ ਹੱਥ ਪੈਰ ਦੇ ਟੁਕੜੇ ਮਿਲਣ ਕਾਰਨ ਗਯਾ ਪੁਲਿਸ ਨੇ 18 ਅਪ੍ਰੈਲ ਨੂੰ ਪਟਨਾ ਪੁਲਿਸ ਨੂੰ ਸੂਚਿਤ ਕੀਤਾ। ਪਟਨਾ ਪੁਲਿਸ ਨੂੰ ਧੜ ਅਤੇ ਸਿਰ ਪਹਿਲਾਂ ਹੀ ਮਿਲ ਚੁੱਕੇ ਸਨ। ਪਟਨਾ ਦੇ ਐਸ. ਐਸ. ਪੀ. ਮਨੂ ਮਹਾਰਾਜ ਕਹਿੰਦੇ ਹਨ ਕਿ ਅਪਰਾਧੀ ਚਾਹੇ ਕਿੰਨੀ ਵੀ ਚਲਾਕੀ ਕਰ ਲਵੇ, ਕੋਈ ਨਾ ਕੋਈ ਸਬੂਤ ਪੁਲਿਸ ਦੇ ਲਈ ਛੱਡ ਹੀ ਜਾਂਦਾ ਹੈ।

ਗੀਤਾ ਦੀ ਹੱਤਿਆ ਕਰਨ ਵਾਲਿਆਂ ਨੇ ਵੀ ਕਾਨੂੰਨ ਦੀ ਪਕੜ ਤੋਂ ਬਚਣ ਦੇ ਲਈ ਪੂਰਾ ਉਪਾਅ ਕੀਤਾ ਸੀ, ਪਰ ਉਸ ਦੇ ਜਵਾਈ ਨੇ ਅਜਿਹਾ ਸਬੂਤ ਛੱਡ ਦਿੱਤਾ ਕਿ ਪੁਲਿਸ ਆਸਾਨੀ ਨਾਲ ਉਹਨਾਂ ਤੱਕ ਪਹੁੰਚ ਗਈ।

ਕਤਲ ਦੇ 40 ਘੰਟੇ ਦੇ ਅੰਦਰ ਪਟਨਾ ਸਦਰ ਪੁਲਿਸ ਦੀ ਟੀਮ ਨੇ ਪੂਰੇ ਮਾਮਲੇ ਦਾ ਖੁਲਾਸਾ ਕਰ ਦਿੱਤਾ। 3 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗੀਤਾ ਦਾ ਕਤਲ ਕਰਕੇ ਉਮੇਸ਼ ਆਪਣੀ ਬੇਟੀ ਪੂਨਮ ਦੇ ਨਾਲ ਮਸੌਢੀ ਚਲਾ ਗਿਆ ਸੀ। ਉਸ ਤੋਂ ਬਾਅਦ ਰੰਜਨ ਨੇ ਆਪਣੇ ਨਾਲ ਕੰਮ ਕਰਨ ਵਾਲੇ ਦੋਸਤ ਰਾਜੇਸ਼ ਨੂੰ ਘਰੇ ਬੁਲਾਇਆ ਅਤੇ ਉਸ ਦੀ ਮਦਦ ਨਾਲ ਲਾਸ਼ ਨੂੰ ਟੁਕੜਿਆਂ ਵਿਚ ਕੱਟ ਦਿੱਤਾ। ਇਸ ਦੇ ਬਦਲੇ ਵਿਚ ਰੰਜਨ ਨੇ ਉਸਨੂੰ 20 ਹਜ਼ਾਰ ਦੇਣ ਦਾ ਲਾਲਚ ਦਿੱਤਾ ਸੀ।

17 ਅਪ੍ਰੈਲ ਦੀ ਰਾਤ ਨੂੰ ਪੂਨਮ ਨੇ ਆਪਣੀ ਮਾਂ ਗੀਤਾ ਨੂੰ ਚਿਕਨ ਖਾਣ ਦੇ ਲਈ ਘਰੇ ਬੁਲਾਇਆ ਸੀ। ਉਥੇ ਉਮੇਸ਼ ਅਤੇ ਰੰਜਨ ਪਹਿਲਾਂ ਹੀ ਮੌਜੂਦ ਸਨ। ਪੂਨਮ ਨੇ ਚਿਕਨ ਵਿਚ ਨੀਂਦ ਦੀਆਂ ਗੋਲੀਆਂ ਮਿਲਾ ਦਿੱਤੀਆਂ ਸਨ। ਖਾਣਾ ਖਾਣ ਤੋਂ ਬਾਅਦ ਗੀਤਾ ਬੇਹੋਸ਼ ਹੋ ਗਈ। ਤਕਰੀਬਨ 5 ਘੰਟੇ ਬਾਅਦ ਗੀਤਾ ਨੂੰ ਹੋਸ਼ ਆਇਆ ਤਾਂ ਉਸਨੂੰ ਕਾਫੀ ਕਮਜ਼ੋਰੀ ਮਹਿਸੂਸ ਹੋ ਰਹੀ ਸੀ।

ਗੀਤਾ ਨੇ ਕਮਰੇ ਵਿਚ ਇੱਧਰ-ਉਧਰ ਦੇਖਿਆ ਤਾਂ ਕੋਈ ਨਜ਼ਰ ਨਹੀਂ ਆਇਆ। ਕਿਸੇ ਤਰ੍ਹਾਂ ਉਸ ਨੇ ਆਪਣੇ ਮੋਬਾਇਲ ਫੋਨ ਤੇ ਤੁਰੰਤ ਆਪਣੇ ਪ੍ਰੇਮੀ ਅਰਮਾਨ ਨੂੰ ਫੋਨ ਕੀਤਾ ਅਤੇ ਦੱਸਿਆ ਕਿ ਉਸ ਦੀ ਤਬੀਅਤ ਕਾਫੀ ਖਰਾਬ ਲੱਗ ਰਹੀ ਹੈ। ਇਸੇ ਵਿਚਕਾਰ ਗੀਤਾ ਦਾ ਜਵਾਈ ਰੰਜਨ ਕਮਰੇ ਵਿਚ ਪਹੁੰਚ ਗਿਆ ਅਤੇ ਉਸ ਨੇ ਗੀਤਾ ਨੂੰ ਮੋਬਾਇਲ ਫੋਨ ਤੇ ਕਿਸੇ ਨਾਲ ਗੱਲ ਕਰਦੇ ਸੁਣ ਲਿਆ। ਰੰਜਨ ਨੇ ਗੁੱਸੇ ਵਿਚ ਆ ਕੇ ਗੀਤਾ ਦਾ ਗਲਾ ਦਬਾਅ ਕੇ ਉਸਨੂੰ ਮਾਰ ਦਿੱਤਾ।

ਪੁਲਿਸ ਦੀ ਜਾਂਚ ਪੜਤਾਲ ਵਿਚ ਪਤਾ ਲੱਗਿਆ ਕਿ ਗੀਤਾ ਦਾ ਅਰਮਾਨ ਨਾਂ ਦੇ ਵਿਅਕਤੀ ਨਾਲ ਨਜਾਇਜ਼ ਰਿਸ਼ਤਾ ਸੀ। ਇਸੇ ਕਾਰਨ ਪਤੀ ਅਤੇ ਬੇਟੀ ਨੇ ਮਿਲ ਕੇ ਉਸ ਦੀ ਹੱਤਿਆ ਕਰ ਦਿੱਤੀ।

ਗੀਤਾ ਹਰ ਮਹੀਨੇ ਆਪਣੇ ਪਤੀ ਉਮੇਸ਼ ਤੋਂ ਪੈਸੇ ਲੈਣ ਪਹੁੰਚ ਜਾਂਦੀ ਸੀ ਅਤੇ ਉਸ ਨਾਲ ਉਸ ਦੀ ਤਨਖਾਹ ਦਾ ਵੱਡਾ ਹਿੱਸਾ ਲੈ ਕੇ ਆਪਣੇ ਪ੍ਰੇਮੀ ਅਰਮਾਨ ਨੂੰ ਦੇ ਦਿੱਤੀ ਸੀ। ਪਿਛਲੇ 20 ਸਾਲਾਂ ਤੋਂ ਗੀਤਾ ਅਤੇ ਅਰਮਾਨ ਵਿਚਕਾਰ ਨਜਾਇਜ਼ ਰਿਸ਼ਤਾ ਸੀ। ਗੀਤਾ ਦਾ ਪਤੀ ਉਮੇਸ਼ ਸਕੱਤਰੇਤ ਵਿਚ ਭਵਨ ਨਿਰਮਾਣ ਵਿਭਾਗ ਵਿਚ ਡ੍ਰਾਫਸਮੈਨ ਸੀ।

55 ਸਾਲ ਦੇ ਉਮੇਸ਼ ਦਾ ਵਿਆਹ 30 ਸਾਲ ਪਹਿਲਾਂ ਮਸੌਢੀ ਡੇ ਤਰੇਗਾਨਾ ਡੀਹ ਦੀ ਰਹਿਣ ਵਾਲੀ ਗੀਤਾ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਗੀਤਾ ਸਹੁਰੇ ਘਰ ਰਹਿਣ ਲੱਗੀ ਅਤੇ ਉਹਨਾਂ ਦੇ 3 ਬੱਚੇ ਵੀ ਹੋਏ। ਕੁਝ ਸਾਲਾਂ ਬਾਅਦ ਉਮੇਸ਼ ਲਕਵੇ ਦਾ ਸ਼ਿਕਾਰ ਹੋ ਗਿਆ। ਪਤੀ ਦੀ ਬਿਮਾਰੀ ਦਾ ਫਾਇਦਾ ਉਠਾਉਂਦੇ ਹੋਏ ਗੀਤਾ ਨੇ ਆਪਣੇ ਪੜੋਸੀ ਅਰਮਾਨ ਨਾਲ ਦੋਸਤੀ ਵਧਾਉਣੀ ਆਰੰਭ ਕਰ ਦਿੱਤੀ ਅਤੇ ਉਸ ਤੋਂ ਬਾਅਦ ਜਿਸਮਾਨੀ ਰਿਸ਼ਤੇ ਵੀ ਬਣੇ। ਉਹ ਜ਼ਿਆਦਾ ਤੋਂ ਜ਼ਿਆਦਾ ਵਕਤ ਅਰਮਾਨ ਦੇ ਨਾਲ ਹੀ ਗੁਜ਼ਾਰਦੀ ਸੀ।

ਗੀਤਾ ਦੀ ਇਸ ਹਰਕਤ ਕਾਰਨ ਉਮੇਸ਼ ਅਤੇ ਉਸ ਦੀਆਂ ਬੇਟੀਆਂ ਗੁੱਸੇ ਵਿਚ ਰਹਿੰਦੀਆਂ ਸਨ। ਉਹਨਾਂ ਨੇ ਕਈ ਵਾਰ ਗੀਤਾ ਨੂੰ ਸਮਝਾਉਣ ਅਤੇ ਪਰਿਵਾਰ ਨੂੰ ਸੰਭਾਲਣ ਦੀ ਗੱਲ ਕੀਤੀ ਪਰ ਗੀਤਾ ਤੇ ਉਹਨਾਂ ਦੀਆਂ ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ ਸੀ। ਇਹੀ ਕਾਰਨ ਸੀ ਕਿ ਗੀਤਾ ਦਾ ਇੰਨੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਪਿੰਡ ਵਾਲਿਆਂ ਦੇ ਤਾਅਨੇ ਸੁਣ ਕੇ ਉਮੇਸ਼ ਪ੍ਰੇਸ਼ਾਨ ਰਹਿਣ ਲੱਗਿਆ ਸੀ ਅਤੇ ਉਸ ਨੇ ਆਪਣਾ ਜੱਦੀ ਘਰ ਵੀ ਛੱਡ ਦਿੱਤਾ ਸੀ। ਉਸ ਤੋਂ ਬਾਅਦ ਉਮੇਸ਼ ਨੇ ਕੁਸਮਪੁਰ ਵਾਲਾ ਘਰ ਵੀ ਛੱਡ ਦਿੱਤਾ। ਕਦੀ-ਕਦੀ ਉਹ ਮਸੌੜੀ ਵਿਚ ਆਪਣੇ ਸਹੁਰੇ ਘਰ ਵਾਲਿਆਂ ਦੇ ਘਰ ਵਿਚ ਰਹਿੰਦਾ ਸੀ ਅਤੇ ਕਦੀ ਪਟਨਾ ਵਿਚ ਵੀ ਰਹਿੰਦਾ ਸੀ।

ਐਸ. ਐਸ. ਪੀ. ਮਨੂ ਮਹਾਰਾਜ ਨੇ ਦੱਸਿਆ ਕਿ ਹੱਤਿਆਰਿਆਂ ਨੇ ਹੱਤਿਆ ਵਿਚ ਇਸਤੇਮਾਲ ਕੀਤੇ ਗਏ ਗੰਡਾਸੇ ਅਤੇ ਖਪਰੇ ਨੂੰ ਫਲੈਕਸ ਵਿਚ ਲਪੇਟ ਕੇ ਸੁੱਟਿਆ ਸੀ। ਬੈਨਰ ਤੇ ਕੁਸਮਪੁਰ ਫ੍ਰੈਂਡਸ ਕਲੱਬ ਦਾ ਪਤਾ ਲਿਖਿਆ ਹੋਇਆ ਸੀ। ਉਸੇ ਐਡਰੈਸ ਦੇ ਸਹਾਰੇ ਪੁਲਿਸ ਕੁਸਮਪੁਰ ਪਹੁੰਚੀ ਅਤੇ ਫ੍ਰੈਂਡਸ ਕਲੱਬ ਦਾ ਪਤਾ ਕਰਕੇ ਹੱਤਿਆਰਿਆਂ ਤੱਕ ਆਸਾਨੀ ਨਾਲ ਪਹੁੰਚ ਗਈ।

ਰਾਜਕੁਮਾਰੀਆਂ, ਜਿਹਨਾਂ ਨੇ ਆਮ ਆਦਮੀ ਨਾਲ ਕੀਤਾ ਵਿਆਹ

ਪਿਆਰ ਤੋਂ ਵੱਡੀ ਕੋਈ ਚੀਜ਼ ਨਹੀਂ ਹੈ, ਇਸ ਕਰਕੇ ਤਾਂ ਵਿਆਹ ਜ਼ਿੰਦਗੀ ਗੁਜ਼ਾਰਨ ਵਾਲੀ ਜਾਪਾਨੀ ਰਾਜਕੁਮਾਰੀ ਸਮੇਤ ਇਹਨਾਂ ਸ਼ਹਿਜਾਦੀਆਂ ਨੇ ਆਮ ਆਦਮੀ ਨਾਲ ਵਿਆਹ ਕਰਵਾਇਆ ਹੈ।

ਜਪਾਨੀ ਰਾਜਕੁਮਾਰੀ ਮਾਕੋ

ਚਰਚਾ ਆਰੰਭ ਹੋਈ ਜਾਪਾਨ ਦੀ ਰਾਜਕੁਮਾਰੀ ਮਾਕੋ ਦੇ ਪਿਆਰ ਅਤੇ ਵਿਆਹ ਨੂੰ ਲੈ ਕੇ ਜੋ ਇਕ ਆਦਮੀ ਨਾਲ ਵਿਆਹ ਕਰਾਉਣ ਜਾ ਰਹੀ ਹੈ। ਜਾਪਾਨ ਦੇ ਸ਼ਾਹੀ ਪਰਿਵਾਰ ਦੇ ਸੂਤਰਾਂ ਨੇ ਦੱਸਿਆ ਕਿ ਸਮਰਾਟ ਅਕਿਹਿਤੋ ਦੀ ਵੱਡੀ ਪੋਤੀ ਰਾਜਕੁਮਾਰੀ ਮਾਕੋ ਆਪਣੇ ਕਲਾਸਮੇਟ ਕੇਈ ਕੋਮੂਰੋ ਨਾਲ ਵਿਆਹ ਕਰਵਾਏਗੀ। ਕੇਈ ਆਮ ਨਾਗਰਿਕ ਹੈ, ਇਸ ਕਰਕੇ ਜਾਪਾਨ ਦੇ ਸ਼ਾਹੀ ਰੂਲਜ਼ ਦੇ ਕਾਰਨ ਰਾਜਕੁਮਾਰੀ ਨੂੰ ਸ਼ਾਹੀ ਪਰਿਵਾਰ ਛੱਡ ਕੇ ਆਮ ਨਾਗਰਿਕ ਵਾਂਗ ਜੀਵਨ ਗੁਜ਼ਾਰਨਾ ਹੋਵੇਗਾ। ਰਾਜਕੁਮਾਰੀ ਮਾਕੋ ਦੀ ਪਸੰਦ ਕੇਈ ਕੋਮੂਰੋ ਟੋਕੀਓ ਦੇ ਇਕ ਕਾਨੂੰਨੀ ਦਫਤਰ ਵਿਚ ਕੰਮ ਕਰਦੇ ਹਨ। ਦੋਵਾਂ ਦਾ ਪਿਆਰ ਇੰਟਰਨੈਸ਼ਨਲ ਕ੍ਰਿਸਚਨ ਯੂਨੀਵਰਸਿਟੀ ਵਿਚ ਗ੍ਰੈਜੂਏਸ਼ਨ ਤੱਕ ਦੀ ਪੜ੍ਹਾਈ ਦੌਰਾਨ ਹੋਇਆ ਸੀ। ਬਾਅਦ ਵਿਚ ਮਾਕੋ ਨੇ ਲੀਸੈਸਟਰ ਯੂਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਲਈ ਅਤੇ ਫਿਲਹਾਲ ਇਕ ਮਿਊਜ਼ੀਅਮ ਵਿਚ ਖੋਜਕਾਰ ਦੇ ਤੌਰ ਤੇ ਕੰਮ ਕਰ ਰਹੀ ਹੈ।

ਸਵੀਡਨ ਦੀ ਕ੍ਰਾਊਨ ਪ੍ਰਿੰਸੇਸ ਵਿਕਟੋਰੀਆ

ਇਸੇ ਤਰ੍ਹਾਂ 1980 ਵਿਚ ਸਵੀਡਨ ਦੀ ਕ੍ਰਾਊਨ ਪ੍ਰਿੰਸੇਸ ਐਲਾਨੀ ਗਈ ਰਾਜਕੁਮਾਰੀ ਵਿਕਟੋਰੀਆ ਨੇ 2010 ਵਿਚ ਇਕ ਆਮ ਆਦਮੀ ਡੇਨੀਅਲ ਵੇਸਲਿੰਗ ਨਾਲ ਵਿਆਹ ਕੀਤਾ ਜੋ ਉਹਨਾਂ ਦੇ ਪ੍ਰਸਨਲ ਟ੍ਰੇਨਰ ਸਨ। ਵਿਆਹ ਤੋਂ ਬਾਅਦ ਡੇਨੀਅਲ ਨੂੰ ਆਪਣਾ ਸਰਨੇਮ ਛੱਡਣਾਪਿਆ ਅਤੇ ਉਹਨਾਂ ਨੂੰ ਡਿਊਕ ਦੀ ਉਪਾਧੀ ਦਿੱਤੀ ਗਈ। ਵਿਕਟੋਰੀਆ ਦੇ ਪ੍ਰਸਨਲ ਟ੍ਰੇਨਰ ਬਣਨ ਤੋਂ ਪਹਿਲਾਂ ਡੇਨੀਅਲ ਸਵੀਡਨ ਫੌਜ ਵਿਚ ਅਧਿਕਾਰੀ ਸੀ। ਵਿਕਟੋਰੀਆ ਵਰਤਮਾਨ ਰਾਜਾ ਤੋਂ ਬਾਅਦ ਰਾਜਗੱਦੀ ਦੀ ਅਧਿਕਾਰੀ ਹੋ ਸਕਦੀ ਹੈ, ਫਿਲਹਾਲ ਇਸ ਸੂਚੀ ਵਿਚ ਉਹਨਾਂ ਦਾ ਨੰਬਰ ਚੌਥਾ ਹੈ।

ਸਵੀਡਨ ਦੀ ਰਾਜਕੁਮਾਰੀ ਮੈਡਲਾਈਨ

ਸਵੀਡਨ ਦੀ ਕ੍ਰਾਊਨ ਪ੍ਰਿੰਸੈਸ ਵਿਕਟੋਰੀਆ ਦੀ ਛੋਟੀ ਭੈਣ ਰਾਜਕੁਮਾਰੀ ਮੈਡਲਾਈਨ ਨੇ ਵੀ ਆਪਣਾ ਜੀਵਨ ਸਾਥੀ ਇਕ ਆਮ ਆਦਮੀ ਨੂੰ ਹੀ ਬਣਾਇਆ ਹੈ। ਉਹਨਾਂ ਨੇ ਫਾਈਨੈਂਸ ਸੈਕਟਰ ਨਾਲ ਜੁੜੇ ਕ੍ਰਿਸਟੋਫਰ ਓ ਨੀਲ ਨਾਲ ਵਿਆਹ ਕਰਵਾਇਆ ਹੈ। ਨੀਲ ਨੂੰ ਫਿਲਹਾਲ ਸਵੀਡਨ ਦੀ ਨਾਗਰਿਕਤਾ ਵੀ ਨਹੀਂ ਮਿਲੀ ਹੈ। ਦੋਵੇਂ ਨੇ ਹੀ ਆਪਣਾ ਸਰਨੇਮ ਨਹੀਂ ਬਦਲਿਆ ਹੈ ਪਰ ਸਵੀਡਨ ਅਥਾਰਟੀ ਦਾ ਕਹਿਣਾ ਹੈ ਕਿ ਨੀਲ ਦਾ ਦਰਜਾ ਹਮੇਸ਼ਾ ਆਮ ਆਦਮੀ ਰਹੇਗਾ।

ਡਚੇਜ਼ ਆਫ ਅਲਬਾ

ਵੈਸੇ ਸਾਲਾਂ ਪਹਿਲਾਂ ਅਲਬਾ ਦੀ ਰਾਜਕੁਮਾਰੀ ਨੇ ਵੀ ਆਮ ਆਦਮੀ ਨਾਲ ਵਿਆਹ ਕਰਵਾਇਆ ਸੀ। 1972 ਵਿਚ ਪਹਿਲੇ ਪਤੀ ਦੀ ਮੌਤ ਤੋਂ ਬਾਅਦ ਡਚੇਜ਼ ਨੇ 2011 ਵਿਚ ਇਹਨਾਂ ਨਾਲ ਵਿਆਹ ਕਰਵਾਇਆ ਸੀ। ਉਹਨਾਂ ਦੇ ਦੂਜੇ ਪਤੀ ਨਾ ਸਿਰਫ ਇਕ ਕਾਮਨ ਮੈਨ ਸੀ ਬਲਕਿ ਉਮਰ ਵਿਚ ਵੀ ਉਸ ਤੋਂ ਕਰੀਬ 24 ਸਾਲ ਛੋਟਾ ਸੀ। ਇਸੇ ਕਾਰਨ ਇਸ ਵਿਆਹ ਨੂੰ ਪੈਸੇ ਨਾਲ ਜੁੜਿਆ ਰਿਸ਼ਤਾ ਦੱਸਿਆ ਗਿਆ। ਹਾਲਾਂਕਿ ਬਾਅਦ ਵਿਚ ਇਹਨਾਂ ਅਫਵਾਹਾਂ 'ਤੇ ਪੂਰਨ ਰੋਕ ਲੱਗ ਗਈ, ਜਦੋਂ ਡਚੇਜ ਦੇ ਪਤੀ ਨੇ ਉਹਨਾਂ ਦੀ ਸਾਰੀ ਦੌਲਤ ਠੁਕਰਾ ਕੇ ਉਸਨੂੰ ਪਹਿਲੇ ਵਿਆਹ ਤੋਂ ਹੋਈਆਂ ਸੰਤਾਨਾਂ ਵਿਚ ਵੰਡਣ ਦਾ ਐਲਾਨ ਕਰ ਦਿੱਤਾ ਅਤੇ ਵਾਕਿਆ ਹੀ 2014 ਵਿਚ ਡਚੇਜ਼ ਦੀ ਮੌਤ ਤੋਂ ਬਾਅਦ ਅਲਫਾਂਜੋ ਡਿਆਜ ਨਾਂ ਦੇ ਇਸ ਵਿਅਕਤੀ ਨ

ਕੌਮਾਂਤਰੀ ਯੁਵਾ ਦਿਵਸ 'ਤੇ ਮੁੱਖ ਮੰਤਰੀ ਨੇ ਤਿੰਨ ਯੋਜਨਾਵਾਂ ਦੀ ਕੀਤੀ ਸ਼ੁਰੂਆਤ

ਚੰਡੀਗੜ੍ਹ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਯੁਵਾ ਪੀੜੀ ਆਪਣੇ ਪ੍ਰਭਾਵ ਨਾਲ ਸਮਾਜ ਵਿਚ ਬਦਲਾਅ ਲਿਆਉਣ ਅਤੇ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਦਾ ਸੰਕਲਪ ਲੈਣ ਤਾਂ ਜੋ ਪ੍ਰਧਾਨ ਮੰਤਰੀ ਦਾ ਵਿਕਸਿਤ ਭਾਰਤ ਦਾ ਸਪਨਾ ਸਾਕਾਰ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਨੌਜੁਆਨਾਂ ਦੀ ਲੋਕਤੰਤਰ ਵਿਚ ਜਿੰਨ੍ਹੀ ਵੱਧ ਭਾਗੀਦਾਰੀ ਹੋਵੇਗੀ, ਦੇਸ਼ ਤੇ ਸੂਬਾ ਨੂੰ ਉਨ੍ਹਾਂ ਦਹੀ ਲਾਭ ਹੋਵੇਗਾ। ਸਰਕਾਰ ਵੱਲੋਂ ਨੋਜੁਆਨਾਂ ਦੇ ਲਈ ਵੱਖ-ਵੱਖ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਨੌਜੁਆਨ ਇੰਨ੍ਹਾਂ ਯੋਜਨਾਵਾਂ ਦਾ ਲਾਭ ਚੁੱਕ ਕੇ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣ ਵਿਚ ਆਪਣਾ ਯੋਗਦਾਨ ਦੇਣ। ਵਿਕਸਿਤ ਭਾਰਤ ਦਾ ਪਸਨਾ ਸਿਰਫ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਵਿਜਨ ਹੀ ਨਹੀਂ ਹੈ ਸਗੋ ਹਰ ਨਾਗਰਿਕ ਦਾ ਸਪਨਾ ਹੈ। ਸਾਰਿਆਂ ਨੂੰ ਨਾਲ ਲੈ ਕੇ ਇਸ ਵਿਜਨ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਮੁੱਖ ਮੰਤਰੀ ਅੱਜ ਪੰਚਕੂਲਾ ਵਿਚ ਕੌਮਾਂਤਰੀ ਯੂਥ ਡੇ (ਯੁਵਾ ਦਿਵਸ) 'ਤੇ ਪ੍ਰਬੰਧਿਤ ਰਾਜ ਪੱਧਰੀ ਪ੍ਰੋਗ੍ਰਾਮ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਡਰੋਨ ਦੀਦੀ ਯੋਜਨਾ, ਕਾਂਟ੍ਰੈਕਟਰ ਸਮਰੱਥ ਯੁਵਾ ਯੋਜਨਾ ਤੇ ਆਈਟੀ ਸਮਰੱਥ ਯੁਵਾ ਯੋਜਨਾ ਦਾ ਵੀ ਉਦਘਾਟਨ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਐਲਾਨ ਨਮੋ ਡਰੋਨ ਦੀਦੀ ਯੋਜਨਾ ਰਾਜ ਵਿਚ ਲਾਗੂ ਕੀਤੀ ਗਈ ਹੈ। ਇਸ ਯੋਜਨਾ ਦੇ ਤਹਿਤ ਸਾਲ 2025 ਤਕ 500 ਮਹਿਲਾਵਾਂ ਅਤੇ ਸਵੈ ਸਹਾਇਤਾ ਸਮੂਹ ਦੀ 500 ਮਹਿਲਾਵਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਅਤੇ ਸਵੈ ਸਹਾਇਤਾ ਸਮੂਹਾਂ ਨੂੰ ਇਕ ਡਰੋਨ ਉਪਲਬਧ ਕਰਵਾਇਆ ਜਾਵੇਗਾ, ਜੋ ਖੇਤੀਬਾੜੀ ਖੇਤਰ ਵਿਚ ਕਿਸਾਨਾਂ ਨੂੰ ਸਹਾਇਤਾ ਪ੍ਰਾਦਨ ਕਰੇਗਾ। ਉਨ੍ਹਾਂ ਨੇ ਡਰੋਨ ਤੇ ਸਮੱਗਰੀਆਂ ਨੂੰ ਖਰੀਦਣ ਲਈ ਐਸਐਚਜੀ ਨੂੰ 80 ਫੀਸਦੀ ਜਾਂ ਵੱਧ ਤੋਂ ਵੱਧ 8 ਲੱਖ ਰੁਪਏ ਦੀ ਸਬਸਿਡੀ ਦੇਣ ਦਾ ਐਲਾਨ ਕੀਤਾ। ਇਸ ਕੰਮ 'ਤੇ ਲਗਭਗ 54 ਕਰੋੜ ਰੁਪਏ ਦੀ ਲਾਗਤ ਆਵੇਗੀ।

ਉਨ੍ਹਾਂ ਨੇ ਕਿਹਾ ਕਿ ਕਾਂਟ੍ਰੈਕਟਰ ਸਮਰੱਥ ਯੁਵਾ ਯੋਜਨਾ ਦੇ ਤਹਿਤ ਇੰਜੀਨੀਅਰਿਗ ਦੀ ਡਿਗਰੀ ਤੇ ਡਿਪਲੋਮਾ ਕਰਨ ਵਾਲੇ 10 ਹਜਾਰ ਨੌਜੁਆਨਾਂ ਨੂੰ ਸਕਿਲ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਉਹ ਆਪਣਾ ਕਾਰੋਬਾਰ ਸ਼ੁਰੂ ਕਰ ਸਕਣ ਅਤੇ ਕਾਂਟ੍ਰੈਕਟਰ ਬਣ ਸਕਣ। ਇੰਨ੍ਹਾਂ ਨੌਜੁਆਨਾਂ ਨੂੰ ਹਰਿਆਣਾ ਇੰਜੀਨੀਅਰਿੰਗ ਵਰਕਸ ਪੋਰਟਲ 'ਤੇ ਰਜਿਸਟ੍ਰੇਸ਼ਣ ਕਰਵਾਉਣਾ ਹੋਵੇਗਾ। ਇਸ ਦੇ ਬਾਅਦ ਉਨ੍ਹਾਂ ਨੂੰ ਇਕ ਸਾਲ ਦੇ ਲਈ 3 ਲੱਖ ਰੁਪਏ ਤਕ ਦਾ ਵਿਆਜ ਮੁਕਤ ਕਰਜਾ ਵੀ ਮਹੁਇਆ ਕਰਵਾਇਆ ਜਾਵੇਗਾ। ਇਸ ਤਰ੍ਹਾ ਅਜਿਹੇ ਯੁਵਾ ਪੰਚਾਇਤੀ ਰਾਜ ਸੰਸਥਾਵਾਂ ਅਤੇ ਨਿਗਮਾਂ ਵਿਚ 25 ਲੱਖ ਰੁਪਏ ਤਕ ਦੇ ਠੇਕੇ ਲੈ ਸਕਣਗੇ।

ਉਨ੍ਹਾਂ ਨੇ ਕਿਹਾ ਕਿ ਆਈਟੀ ਸਮਰੱਥ ਯੋਜਨਾ ਤਹਿਤ ਆਈ ਖੇਤਰ ਵਿਚ ਕਰੀਅਰ ਬਨਾਉਣ ਵਾਲੇ ਨੌਜੁਆਨਾਂ ਦੇ ਲਈ ਸਕਿਲ ਯੂਨੀਵਰਸਿਟੀ ਵੱਲੋਂ ਨੈਟਵਰਕਿੰਗ, ਮੋਬਾਇਲ ਆਦਿ ਤਕਨੀਕੀ ਖੇਤਰ ਵਿਚ ਕੋਰਸ ਤਿਆਰ ਕੀਤੇ ਜਾਣਗੇ, ਜਿਸ ਨਾਲ ਨੌਜੁਆਨਾਂ ਨੂੰ ਵੱਖ-ਵੱਖ ਵਿਭਾਗਾਂ ਅਤੇ ਨਿਜੀ ਖੇਤਰ ਵਿਚ ਰੁਜਗਾਰ ਦੇ ਮੌਕੇ ਮਿਲਣਗੇ। ਮੁੱਖ ਮੰਤਰੀ ਨੇ ਸਮਰੱਥ ਯੁਵਾ ਯੋਜਨਾ ਦੇ ਤਹਿਤ ਰਜਿਸਟਰਡ ਨੌਜੁਆਨਾਂ ਨੂੰ ਮਿਲਣ ਵਾਲੀ ਬੇਰੁਜਗਾਰੀ ਭੱਤੇ ਵਿਚ ਵਾਧਾ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਅਗਸਤ ਮਹੀਨੇ ਤੋਂ ਹੁਣ 12ਵਹਂ ਪਾਸ ਨੌਜੁਆਨਾਂ ਨੂੰ 900 ਤੋਂ 1200 ਰੁਪਏ, ਗਰੈਜੂਏਟ ਨੂੰ 1500 ਤੋਂ 2000 ਰੁਪਏ ਅਤੇ ਪੋਸਟ ਗਰੈਜੂਏਟ ਨੂੰ 3000 ਤੋਂ ਵਧਾ ਕੇ 3500 ਰੁਪਏ ਦੀ ਰਕਮ ਪ੍ਰਦਾਨ ਕੀਤੀ ਜਾਵੇਗੀ।ਇਸ ਐਲਾਨ ਨਾਲ ਸੂਬੇ ਦੇ 2 ਲੱਖ 61 ਹਜਾਰ ਨੌਜੁਆਨਾਂ ਨੂੰ ਲਾਭ ਮਿਲੇਗਾ।

ਮੁੱਖ ਮੰਤਰੀ ਨੇ ਪ੍ਰੋਗ੍ਰਾਮ ਦੌਰਾਨ ਮੇਧਾਵੀ ਸਕਾਲਰਸ਼ਿਪ ਯੋਜਨਾ ਤਹਿਤ 12ਵੀਂ ਕਲਾਸ ਵਿਚ 90 ਫੀਸਦੀ ਨੰਬਰ ਲੈਣ ਵਾਲੇ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ 1 ਲੱਖ 11 ਹਜਾਰ ਰੁਪਏ ਦੇ ਚੈਕ ਪ੍ਰਦਾਨ ਕੀਤੇ। ਇਸ ਤੋਂ ਇਲਾਵਾ, ਸਕਿਲ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਯਾਤਰਾ ਸੂਬੇ ਦੇ ਨੌਜੁਆਨਾਂ ਨੂੰ ਕੌਸ਼ਲ ਦੇ ਪ੍ਰਤੀ ਜਾਗਰੂਕ ਅਤੇ ਸਚੇਤ ਕਰਨ ਦਾ ਕੰਮ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਨੌਜੁਆਨਾਂ ਵਿਚ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੁੰਦੀ। ਸਰਕਾਰ ਨੌਜੁਆਨਾਂ ਦੀ ਸੋਚ ਨੂੰ ਮੂਰਤਰੂਪ ਦੇਣ ਲਈ ਸਮਰਪਿਤ ਯਤਨ ਕਰ ਰਹੀ ਹੈ। ਮੇਕ ਇੰਨ ਇੰਡੀਆ, ਸਟਾਰਟ ਅੱਪ ਇੰਡੀਆ ਵਰਗੇ ਅਨੇਕ ਪ੍ਰਭਾਵੀ ਪ੍ਰੋਗ੍ਰਾਮ ਲਾਗੂ ਕਰ ਨੌਜੁਆਨਾਂ ਦੇ ਲਈ ਰੁਜਗਾਰ ਦੇ ਮੌਕੇ ਵਧਾਉਣ, ਨੌਜੁਆਨਾਂ ਨੂੰ ਕੁਸ਼ਲ ਬਨਾਉਣ ਅਤੇ ਉਨ੍ਹਾਂ ਵਿਚ ਨਵੇਂ ਉਤਸਾਹ ਦਾ ਸੰਚਾਰ ਕਰਨ ਦੀ ਦਿਸ਼ਾ ਵਿਚ ਸਫਲ ਯਤਨ ਕੀਤਾ ਜਾ ਰਿਹਾ ਹੈ, ਤਾਂ ਜੋ ਦੇਸ਼ ਤੇ ਸੂਬੇ ਦੇ ਆਰਥਕ ਸਥਿਤੀ ਨੂੰ ਹੋਰ ਵੱਧ ਮਜਬੂਤ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ਵਕਰਮਾ ਕੌਸ਼ਲ ਯੂਨੀਵਰਸਿਟੀ ਦੇ ਨਾਲ-ਨਾਲ ਕਈ ਤਕਨੀਕੀ ਸੰਸਥਾਨਾਂ ਵਿਚ ਨੌਜੁਆਨਾਂ ਨੂੰ ਕੌਸ਼ਲ ਵਿਕਾਸ ਵਿਚ ਨਿਪੁੰਣ ਬਨਾਉਣ ਲਈ ਆਧੁਨਿਕ ਯੁਵਾ ਸਿਖਲਾਈ ਪ੍ਰੋਗ੍ਰਾਮ ਚਲਾਏ ਜਾ ਰਹੇ ਹਨ।

ਇਸ ਵਿਚ ਇਕ ਲੱਖ ਤੋਂ ਵੱਧ ਨੌਜੁਆਨਾਂ ਨੂੰ ਸਕਿਲ ਪ੍ਰਦਾਨ ਕੀਤਾ ਗਿਆ ਹੈ ਤਾਂ ਜੋ ਨੌਜੁਆਨ ਆਤਮਨਿਰਭਰ ਬਣ ਕੇ ਆਪਣੇ ਪੈਰਾਂ 'ਤੇ ਖੜੇ ਹੋ ਸਕਣ। ਇਸ ਤੋਂ ਇਲਾਵਾ, ਸਮਰੱਥ , ਛੋਟੇ ਤਅੇ ਮੱਧਮ ਦਰਜੇ ਦੇ ਉਦਯੋਗਾਂ ਨੂੰ ਪ੍ਰੋਤਸਾਹਨ ਦੇਣ ਲਈ ਐਮਐਸਐਮਈ ਵਿਭਾਗ ਦਾ ਗਠਨ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਨਵੀਂ ਕੌਮੀ ਸਿਖਿਆ ਨੀਤੀ ਤਹਿਤ ਕਈ ਬਦਲਾਅ ਕੀਤੇ ਗਏ ਹਨ। ਇਸ ਦੇ ਨਾਲ ਹੀ ਤਕਨੀਕੀ ਸੰਸਥਾਨਾਂ ਨੂੰ ਉਦਯੋਗਾਂ ਨਾਲ ਜੋੜਿਆ ਗਿਆ ਹੈ ਅਤੇ ਇੰਨ੍ਹਾਂ ਵਿਚ ਸਕਿਲ ਨੂੰ ਪ੍ਰੋਤਸਾਹਨ ਦਿੱਤਾ ਗਿਆ ਹੈ ਤਾਂ ਜੋ 2030 ਤਕ ਸੂਬੇ ਦੇ ਹਰ ਯੁਵਾ ਨੂੰ ਹੁਨਰਮੰਦ ਬਣਾਇਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਇਸ 'ਤੇ ਬਿਹਤਰ ਢੰਗ ਨਾਲ ਕੰਮ ਕਰ ਰਹੀ ਹੈ ਤਾਂ ਜੋ ਲਗਾਤਾਰ ਵਿਕਾਸ ਦੇ ਇਸ ਟੀਚੇ ਨੂੰ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ 1.44 ਲੱਖ ਅਹੁਦਿਆਂ ਨੂੰ ਯੋਗਤਾ ਦੇ ਆਧਾਰ 'ਤੇ ਭਰਨ ਦਾ ਕੰਮ ਕੀਤਾ ਹੈ। ਇਸ ਤੋਂ ਇਲਾਵਾ, 37 ਹਜਾਰ ਅਹੁਦਿ ਜਲਦੀ ਹੀ ਭਰੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਨੌਜੁਆਨਾਂ ਨੂੰ ਵਿਦੇਸ਼ਾਂ ਵਿਚ ਰੁਜਗਾਰ ਦਿਵਾਉਣ ਅਤੇ ਜਾਲਸਾਜੀ ਤੋਂ ਬਚਾਉਣ ਲਈ ਵਿਦੇਸ਼ ਸਹਿਯੋਗ ਵਿਭਾਗ ਦਾ ਗਠਨ ਕੀਤਾ ਗਿਆ ਹੈ ਅਤੇ ਕਾਲਜਾਂ ਵਿਚ ਸਿਖਿਆ ਪ੍ਰਾਪਤ ਕਰਨ ਵਾਲੇ ਹਜਾਰਾਂ ਨੌਜੁਆਨਾਂ ਦੇ ਪਾਸਪੋਰਟ ਬਨਾਵੁਣ ਦਾ ਕੰਮ ਕੀਤਾ ਗਿਆ ਹੈ। ਸਟਾਰਟ ਅੱਪ ਦੀ ਨਵੀਂ ਨੀਤੀ ਬਣਾਈ ਗਈ ਹੈ ਜਿਸ ਤੋਂ ਰਾਜ ਇਕ ਬਿਹਤਰ ਕੇਂਦਰ ਵਜੋ ਉਭਰ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਹਰਿਆਣਾ ਦੇ ਨੌਜੁਆਨਾਂ ਓਲੰਪਿਕ ਖੇਡਾਂ ਵਿਚ ਪੂਰੀ ਦੁਨੀਆ ਵਿਚ ਦੇਸ਼ ਦਾ ਨਾਂਅ ਚਮਕਾਉਣ ਦਾ ਕੰਮ ਕਰ ਰਹੇ ਹਨ। ਖੇਡਾਂ ਵਿਚ ਮਿਲ ਰਹੀ ਉਪਲਬਧੀਆਂ ਨਾਲ ਸੂਬਾ ਦਾ ਸੀਨਾ ਮਾਣ ਨਾਲ ਉੱਚਾ ਹੋ ਰਿਹਾ ਹੈ। ਦੇਸ਼ ਦੇ 5 ਮੈਡਲ ਜੇਤੂ ਖਿਡਾਰੀਆਂ ਨੇ ਦੇਸ਼ ਦੇ ਸੂਬੇ ਦਾ ਮਾਣ ਵਧਾਇਆ ਹੈ। ਸਰਕਾਰ ਦੀ ਖੇਡ ਨੀਤੀ ਤਹਿਤ ਮੈਡਲ ਲਿਆਉਣ ਵਾਲੇ ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਪੁਰਸਕਾਰ ਪ੍ਰਦਾਨ ਕੀਤੇ ਜਾ ਰਹੇ ਹਨ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਹਰਿਆਣਾ ਨੌਜੁਆਨਾਂ ਨੂੰ ਸਵਾਵਲੰਬੀ, ਆਤਮਨਿਰਭਰ ਅਤੇ ਸਮਰੱਥ ਬਨਾਉਣ ਦੀ ਦਿਸ਼ਾ ਵਿਚ ਅੱਗੇ ਵੱਧ ਰਿਹਾ ਹੈ। ਉਨ੍ਹਾਂ ਨੇ ਨੌਜੁਆਨਾਂ ਨੂੰ ਸਾਕਰਾਤਮਕ , ਧੀਰਜਵਾਨ, ਸਮੇਂ ਦੀ ਸਹੀ ਵਰਤੋਂ ਕਰਨ, ਆਪਣੀ ਜਿਮੇਵਾਰੀਆਂ ਨੂੰ ਸੱਭ ਤੋਂ ਉੱਪਰ ਰੱਖਦੇ ਹੋਏ ਅੱਗੇ ਵੱਧਣ ਦਾ ਸੰਕਲਪ ਲੈਣ ਦੀ ਅਪੀਲ ਕੀਤੀ। ਸਰਕਾਰ ਨੇ 1.20 ਲੱਖ ਕੱਚੇ ਕਰਮਚਾਰੀਆਂ ਦੀ ਨੌਕਰੀ ਸੁਰੱਖਿਅਤ ਕਰ ਉਨ੍ਹਾਂ ਨੂੰ ਪੱਕੇ ਕਰਮਚਾਰੀਆਂ ਦੀ ਤਰ੍ਹਾਂ ਸਾਰੀ ਸਹੂਲਤਾਂ ਦੇਣ ਦਾ ਕੰਮ ਕੀਤਾ ਹੈ।

ਇਸ ਮੌਕੇ 'ਤੇ ਵਿਧਾਨਸਭਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ, ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਭਾਰਤ ਭੂਸ਼ਣ ਭਾਰਤੀ ਸਮੇਤ ਜਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀ ਤੇ ਮਾਣਯੋਗ ਵਿਅਕਤੀ ਮੌਜੂਦ ਰਹੇ।

ਅਗੰਮਪੁਰ ਦੀ ਸੰਗਤ ਵਲੋਂ ਸਾਵਣ ਅਸ਼ਟਮੀ ਮੌਕੇ ਕਜੰਕ ਪੂਜਨ ਕਰਕੇ ਭੰਡਾਰੇ ਦੀ ਸਮਾਪਤੀ ਕੀਤੀ

ਸ੍ਰੀ ਅਨੰਦਪੁਰ ਸਾਹਿਬ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਾਵਣ ਨਵਰਾਤਰਿਆਂ ਦੋਰਾਨ ਬਲਾਕ ਦੇ ਪਿੰਡ ਅਗੰਮਪੁਰ ਵਲੋਂ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਜੀ ਦੇ ਦਰਸ਼ਨ ਕਰਨ ਜਾਣ ਵਾਲੀ ਸੰਗਤ ਲਈ 10 ਦਿਨ 24 ਘੰਟੇ ਚੱਲਣ ਵਾਲਾ ਭੰਡਾਰੇ ਦੀ ਅਜ ਅਸ਼ਟਮੀ ਮੌਕੇ ਕਜੰਕ ਪੂਜਨ ਕਰਨ ਤੋ ਬਾਅਦ ਸਮਾਪਤੀ ਕਰ ਦਿੱਤਾ ਗਿਆ!

ਇਸ ਸਬੰਧੀ ਜਾਣਕਾਰੀ ਦਿੰਦਿਆ ਸਾਬਕਾ ਸਰਪੰਚ ਸ.ਕਰਨੈਲ ਸਿੰਘ ਨੇ ਦੱਸਿਆ ਕਿ ਪਿੰਡ ਅਗੰਮਪੁਰ,ਗਨਾਰੂ,ਗਰਾ, ਟਪਰੀਆਂ ਦੀ ਸਮੂਹ ਸੰਗਤ ਵਲੋਂ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਜੀ ਦੇ ਦਰਸ਼ਨ ਕਰਨ ਜਾਣ ਵਾਲੀ ਸੰਗਤ ਲਈ ਪਿਛਲੇ ਕਰੀਬ 24 ਸਾਲਾਂ ਤੋਂ 10 ਦਿਨਾਂ ਭੰਡਾਰਾ ਲਗਾਇਆ ਜਾਂਦਾ ਹੈ ! ਇਸੇ ਲੜੀ ਤਹਿਤ ਇਸ ਸਾਲ ਵੀ 10 ਦਿਨਾਂ ਭੰਡਾਰਾ ਲਗਾਇਆ ਗਿਆ ਸੀ ! ਜਿਸ ਦੀ ਅਜ ਨਵਰਾਤਰੇ ਅਸ਼ਟਮੀ ਪਰ ਕੰਜਕ ਪੂਜਨ ਕਰਕੇ ਸਮਾਪਤੀ ਕਰ ਦਿੱਤੀ ਗਈ ਹੈ!

ਇਸ ਮੌਕੇ ਸਤਬੀਰ ਸਿੰਘ ਰਾਣਾ, ਡਾ.ਪਲਵਿੰਦਰ ਸਿੰਘ ਕੰਗ,ਕਿਰਨਦੀਪ ਬਬਲੂ ਰਾਣਾ,ਠੇਕੇਦਾਰ ਰਿੰਕੂ,ਰਮੇਸ਼ ਪੰਚ,ਰਾਜੇਸ਼ ਰਾਣਾ,ਡਾ.ਅਜੈ ਰਾਣਾ,ਕੁਲਭੂਸ਼ਨ ਸਿੰਘ ਰਾਣਾ,ਅਮਨ ਖੌਸਲਾ,ਰਮੇਸ਼ ਚੰਦਰ ਵਰਮਾ,ਈਸ਼ ਮਹਿਤਾ,ਸੰਜੀਵਨ ਕੁਮਾਰ,ਨਿੰਦਰ ਕੁਮਾਰ ਤੋ ਇਲਾਵਾ ਸੇਵਾਦਾਰ ਹਾਜ਼ਰ ਸਨ

ਜ਼ਿਲ੍ਹੇ 'ਚ ਵੱਖ-ਵੱਖ ਪਾਬੰਦੀਆਂ ਲਾਗੂ : ਜ਼ਿਲ੍ਹਾ ਮੈਜਿਸਟ੍ਰੇਟ

ਬਠਿੰਡਾ 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਮੈਜਿਸਟ੍ਰੇਟ ਸ. ਜਸਪ੍ਰੀਤ ਸਿੰਘ ਨੇ ਭਾਰਤੀਆ ਨਾਗਰਿਕ ਸੁਰਕਸ਼ਾ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਅੰਦਰ ਵੱਖ-ਵੱਖ ਪਾਬੰਦੀਆਂ ਲਾਗੂ ਕੀਤੀਆਂ ਹਨ।

ਹੁਕਮ ਅਨੁਸਾਰ ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲੇ ਅੰਦਰ ਉਲਾਈਵ ਗਰੀਨ ਰੰਗ ਦੀ ਮਿਲਟਰੀ ਵਰਦੀ ਤੇ ਉਲਾਈਵ ਗਰੀਨ ਰੰਗ (ਮਿਲਟਰੀ ਰੰਗ) ਦੀਆਂ ਜੀਪਾਂ/ਮੋਟਰਸਾਈਕਲਾਂ/ਮੋਟਰ ਗੱਡੀਆਂ ਦੀ ਵਰਤੋਂ ਦੀ ਮਨਾਹੀ ਕੀਤੀ ਹੈ।

ਜ਼ਿਲ੍ਹਾ ਮੈਜਿਸਟ੍ਰੇਟ ਨੇ ਇੱਕ ਹੋਰ ਹੁਕਮ ਅਨੁਸਾਰ ਪੰਜਾਬ ਵਿਲੇਜ ਤੇ ਸਮਾਲ ਟਾਊਨ ਕੰਟਰੋਲ ਐਕਟ 1918 ਦੀ ਧਾਰਾ 3 ਸਬ-ਸੈਕਸ਼ਨ 1 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਅੰਦਰ ਪਿੰਡ, ਰੇਲਵੇ ਟਰੈਕ, ਸੂਏ ਤੇ ਨਹਿਰਾਂ ਦੇ ਪੁਲ, ਨਹਿਰਾਂ, ਜਨ-ਨਿਕਾਸ ਦੇ ਨਾਲਿਆਂ ਅਤੇ ਸੂਏ/ਰਜਵਾਹੇ, ਆਇਲ ਪਾਈਪ ਲਾਈਨਜ਼ ਆਦਿ ਨਾਲ ਲਗਦੇ ਸਾਰੇ ਪਿੰਡਾਂ ਦੇ ਨਰੋਈ ਸਿਹਤ ਵਾਲੇ ਸਾਰੇ ਬਾਲਗ ਆਦਮੀ ਸਾਰੇ ਪਿੰਡਾਂ, ਰੇਲ ਪਟੜੀਆਂ, ਜਲ ਸਪਲਾਈ ਸਕੀਮਾਂ, ਨਹਿਰਾਂ, ਜਲ ਨਿਕਾਸ ਦੇ ਨਾਲਿਆਂ ਅਤੇ ਸੂਏ ਟੁੱਟਣ ਤੋਂ ਬਚਾਉਣ ਲਈ ਠੀਕਰੀ ਪੈਰਾ ਰਾਖੀ ਦੀ ਡਿਊਟੀ ਨਿਭਾਉਣਗੇ।

ਅਗਲੇ ਹੁਕਮ ਅਨੁਸਾਰ ਟ੍ਰੈਫ਼ਿਕ ਦੀ ਸਮੱਸਿਆ ਨੂੰ ਵੇਖਦਿਆਂ ਹੋਇਆ ਤੰਗ ਥਾਵਾਂ 'ਤੇ ਟਰੱਕ ਖੜਾ ਕਰਨ ਦੀ ਸਖ਼ਤ ਮਨਾਹੀ ਕੀਤੀ ਹੈ। ਜਾਰੀ ਆਦੇਸ਼ਾਂ 'ਚ ਉਨਾਂ ਕਿਹਾ ਕਿ ਬਹੁ-ਮੰਤਵੀ ਖੇਡ ਸਟੇਡੀਅਮ ਕੋਲ ਟਰੱਕ ਖੜੇ ਹੋਣ ਕਾਰਨ ਐਮ.ਐਸ.ਡੀ. ਸਕੂਲ ਅਤੇ ਗੁਰੂ ਹਰਕਿਸ਼ਨ ਪਬਲਿਕ ਸਕੂਲ ਦੇ ਬੱਚਿਆਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨਾਂ ਟਰੱਕਾਂ ਕਰਕੇ ਸਕੂਲਾਂ ਦੀਆਂ ਵੈਨਾ, ਬੱਸਾਂ, ਰਿਕਸ਼ੇ ਆਦਿ ਦਾ ਐਕਸੀਡੈਂਟ ਹੋਣ ਦਾ ਖਦਸਾ ਰਹਿੰਦਾ ਹੈ। ਇਨਾਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਹਨੂਮਾਨ ਚੌਕ ਦੇ ਆਸ ਪਾਸ ਗੋਨਿਆਣਾ ਰੋਡ ਅਤੇ ਖੇਡ ਸਟੇਡੀਅਮ ਰੋਡ ਤੇ ਟਰੱਕ ਖੜਾ ਕਰਨ ਦੀ ਸਖ਼ਤ ਮਨਾਹੀ ਕੀਤੀ ਹੈ। ਇਨਾਂ ਇਲਾਕਿਆਂ 'ਚ ਸਵੇਰੇ 6 ਵਜੇ ਤੋਂ 9 ਵਜੇ ਤੱਕ ਅਤੇ ਦੁਪਹਿਰ 1 ਤੋਂ 3 ਵਜੇ ਤੱਕ ਕਿਸੇ ਵੀ ਟਰੱਕ ਨੂੰ ਚਲਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਉਨਾਂ ਐਮ.ਐਸ.ਡੀ. ਸਕੂਲ ਅਤੇ ਸ੍ਰੀ ਗੁਰੂ ਹਰਕਿਸ਼ਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਨੂੰ ਨਿਰਦੇਸ਼ ਦਿੱਤੇ ਕਿ ਛੁੱਟੀ ਸਮੇਂ ਆਪਣੇ ਵਿਦਿਆਰਥੀਆਂ ਨੂੰ ਸਕੂਲ ਦੇ ਕੰਪਾਊਂਡ ਵਿਚੋਂ ਹੀ ਰਿਕਸ਼ਾ, ਗੱਡੀ ਆਦਿ ਵਿਚ ਸੁਰੱਖਿਅਤ ਰੂਪ ਵਿਚ ਚੜ੍ਹਾਉਣਗੇ। ਉਨਾਂ ਕਿਹਾ ਕਿ ਸਕੂਲ ਤੋਂ ਛੁੱਟੀ ਸਮੇਂ ਬੱਚਿਆਂ

ਸੰਪਾਦਕੀ

‘ਜ਼ਮਾਨਤ ਦੇਣਾ ਨੇਮ ਹੈ ਤੇ ਜੇਲ੍ਹ ਅਪਵਾਦ ਹੈ

ਸੁਪਰੀਮ ਕੋਰਟ ਨੇ ਪਿਛਲੇ ਕੁਝ ਸਮੇਂ ਵਿੱਚ ਇਹ ਨਿਸ਼ਚਾ ਦੁਹਰਾਇਆ ਹੈ ਕਿ ‘ਜ਼ਮਾਨਤ ਦੇਣਾ ਨੇਮ ਹੈ ਤੇ ਜੇਲ੍ਹ ਅਪਵਾਦ ਹੈ’ ਪਰ ਅਕਸਰ ਬੇਲੋੜੇ ਉਤਸ਼ਾਹ ਦਾ ਸ਼ਿਕਾਰ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਜਾਂਚ ਏਜੰਸੀਆਂ ਨੂੰ ਇਹ ਭਰਮ ਹੋ ਜਾਂਦਾ ਹੈ ਕਿ ਇਹ ਕਾਨੂੰਨੀ ਅਸੂਲ ਸ਼ਾਇਦ ਗ਼ੈਰ-ਕਾਨੂੰਨੀ ਸਰਗਰਮੀਆਂ ਬਾਰੇ ਕਾਨੂੰਨ (ਯੂਏਪੀਏ) ਤਹਿਤ ਦਰਜ ਕੇਸਾਂ ਵਿੱਚ ਲਾਗੂ ਨਹੀਂ ਹੁੰਦਾ। ਅਦਾਲਤ ਨੇ ਇਸ ਤਰ੍ਹਾਂ ਦੇ ਸਭ ਭਰਮ ਭੁਲੇਖੇ ਦੂਰ ਕਰਦਿਆਂ ਅਜਿਹੇ ਸ਼ਖ਼ਸ ਨੂੰ ਜ਼ਮਾਨਤ ਦਿੱਤੀ ਹੈ ਜਿਸ ਖਿ ?ਲਾਫ਼ ਯੂਏਪੀਏ ਤਹਿਤ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਦਾ ਦੋਸ਼ ਆਇਦ ਕੀਤਾ ਗਿਆ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਇਹ ਗੱਲ ਦਰਜ ਕਰਵਾਈ ਹੈ ਕਿ ਭਾਵੇਂ ਉਸ ਸ਼ਖ਼ਸ ਖਿ ?ਲਾਫ਼ ਗੰਭੀਰ ਦੋਸ਼ ਹੈ ਪਰ ਅਦਾਲਤਾਂ ਦੀ ਇਹ ਜਿ ?ਮੇਵਾਰੀ ਬਣਦੀ ਹੈ ਕਿ ਜਦੋਂ ਕਾਨੂੰਨੀ ਸ਼ਰਤਾਂ ਪੂਰੀਆਂ ਹੁੰਦੀਆਂ ਹੋਣ ਤਾਂ ਉਸ ਨੂੰ ਜ਼ਮਾਨਤ ਦਿੱਤੀ ਜਾਵੇ। ਇਸ ਤਰਕ ਨੂੰ ਲੈ ਕੇ ਕੋਈ ਵਾਦ-ਵਿਵਾਦ ਨਹੀਂ ਹੋਣਾ ਚਾਹੀਦਾ।

ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਯੂਏਪੀਏ ਨੂੰ ਕਾਲਾ ਕਾਨੂੰਨ ਕਰਾਰ ਦਿੰਦੀਆਂ ਹਨ ਜਿਸ ਤਹਿਤ ਅਕਸਰ ਪੁਲੀਸ ’ਤੇ ਵਧੀਕੀਆਂ ਅਤੇ ਦਮਨ ਦੇ ਦੋਸ਼ ਲਗਦੇ ਰਹੇ ਹਨ। ਅਗਸਤ 2019 ਵਿੱਚ ਕੇਂਦਰ ਸਰਕਾਰ ਨੇ ਇਸ ਕਾਨੂੰਨ ਵਿੱਚ ਸੋਧ ਕਰ ਕੇ ਕਿਸੇ ਸ਼ਖ਼ਸ ਨੂੰ ਦਹਿਸ਼ਤਗਰਦ ਕਰਾਰ ਦੇਣ ਦੀ ਮੱਦ ਜੋੜ ਦਿੱਤੀ ਸੀ। ਇਸ ਤੋਂ ਪਹਿਲਾਂ ਕਿਸੇ ਜਥੇਬੰਦੀ ਨੂੰ ਹੀ ‘ਦਹਿਸ਼ਤਗਰਦ ਜਥੇਬੰਦੀ’ ਕਰਾਰ ਦਿੱਤਾ ਜਾ ਸਕਦਾ ਸੀ। ਇਸ ਵਿੱਚ ਸੋਧ ਕਰ ਕੇ ਬਹੁਤ ਸਾਰੇ ਲੋਕਾਂ ਖਿ ?ਲਾਫ਼ ਦਹਿਸ਼ਤਗਰਦੀ ਨੂੰ ਹਮਾਇਤ ਜਾਂ ਸ਼ਹਿ ਦੇਣ ਦੇ ਦੋਸ਼ ਤਹਿਤ ਕੇਸ ਦਰਜ ਕੀਤੇ ਗਏ ਹਨ। ਸਿਤਮਜ਼ਰੀਫ਼ੀ ਇਹ ਹੈ ਕਿ ਐਨੀ ਸਖ਼ਤੀ ਦੇ ਬਾਵਜੂਦ ਯੂਏਪੀਏ ਤਹਿਤ ਦਰਜ ਕੇਸਾਂ ਵਿੱਚ ਕਿਸੇ ਦੇ ਦੋਸ਼ੀ ਠਹਿਰਾਏ ਜਾਣ ਜਾਂ ਸਜ਼ਾ ਦੇਣ ਦੀ ਦਰ ਮਹਿਜ਼ 3 ਫ਼ੀਸਦੀ ਹੈ। ਲਗਭਗ ਹਰ ਕੇਸ ਵਿੱਚ ਇਹ ਵਾਪਰਦਾ ਹੈ ਕਿ ਇਸਤਗਾਸਾ ਆਪਣਾ ਕੇਸ ਸਾਬਿਤ ਕਰਨ ਵਿੱਚ ਨਾਕਾਮ ਰਹਿੰਦਾ ਹੈ ਅਤੇ ਮੁਲਜ਼ਮ ਬਰੀ ਹੋ ਜਾਂਦਾ ਹੈ ਪਰ ਇਸ ਚੱਕਰ ਵਿੱਚ ਉਸ ਬੰਦੇ ਨੂੰ ਤਿੰਨ ਚਾਰ ਸਾਲ ਜੇਲ੍ਹ ਵਿੱਚ ਸੜਨਾ ਪੈਂਦਾ ਹੈ ਜੋ ਇੱਕ ਲੇਖੇ ਉਸ ਲਈ ਸਜ਼ਾ ਹੀ ਹੋ ਨਿੱਬੜਦੀ ਹੈ। ਕਈ ਵਾਰ ਤਾਂ ਸੁਣਵਾਈ ਹੀ ਗ੍ਰਿਫਤਾਰੀ ਤੋਂ ਕਈ ਸਾਲਾਂ ਬਾਅਦ ਸ਼ੁਰੂ ਹੁੰਦੀ ਹੈ।

ਇਹ ਸਾਰੇ ਨਿਰਾਸ਼ਾਜਨਕ ਪੱਖ ਯੂਏਪੀਏ ਤਹਿਤ ਜ਼ਮਾਨਤ ਨੂੰ ਹੋਰ ਵੀ ਜਿ ?ਆਦਾ ਮਹੱਤਵਪੂਰਨ ਬਣਾਉਂਦੇ ਹਨ। ਤਾਜ਼ਾ ਕੇਸ ’ਚ ਅਦਾਲਤ ਨੇ ਚਾਰਜਸ਼ੀਟ ਵਿੱਚ ਕੁਝ ਕਮਜ਼ੋਰੀਆਂ ਲੱਭੀਆਂ ਹਨ ਤੇ ਕਿਹਾ ਹੈ ਕਿ ਇਸ ਨਤੀਜੇ ਉੱਤੇ ਪਹੁੰਚਣ ਲਈ ਕੋਈ ਢੁੱਕਵਾਂ ਆਧਾਰ ਨਹੀਂ ਹੈ ਕਿ ਕਾਨੂੰਨ ਤਹਿਤ ਸਜ਼ਾਯੋਗ ਅਪਰਾਧਾਂ ਲਈ ਮੜ੍ਹੇ ਗਏ ਦੋਸ਼ ਪਹਿਲੀ ਨਜ਼ਰੇ ਸੱਚ ਜਾਪਣ। ਜ਼ਮਾਨਤ ਮਨਜ਼ੂਰ ਹੋਣਾ ਦਰਅਸਲ ਏਜੰਸੀਆਂ ਲਈ ਚਿਤਾਵਨੀ ਵਰਗਾ ਹੈ ਕਿ ਉਨ੍ਹਾਂ ਨੂੰ ਡਰਾਉਣੇ ਯੂਏਪੀਏ ਕਾਨੂੰਨ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ। ਆਸ ਕੀਤੀ ਜਾ ਸਕਦੀ ਹੈ ਕਿ ਵਿਵਾਦ ਵਾਲੇ ਇਸ ਕਾਨੂੰਨ ਨੂੰ ਹੁਣ ਪਹਿਲਾਂ ਵਾਂਗ ਸੌਖੇ ਜਿਹੇ ਢੰਗ ਨਾਲ ਵਰਤਣ ਤੋਂ ਗੁਰੇਜ਼ ਕੀਤਾ ਜਾਵੇਗਾ।

ਨਿਆਂ ਨਾਲ ਕੋਝਾ ਮਜ਼ਾਕ

ਜਬਰ-ਜਨਾਹ ਅਤੇ ਹੱਤਿਆ ਜਿਹੇ ਸੰਗੀਨ ਦੋਸ਼ਾਂ ਵਿੱਚ ਮੁਜਰਮ ਕਰਾਰ ਦਿੱਤੇ ਗਏ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਵਾਰ-ਵਾਰ ਪੈਰੋਲ ’ਤੇ ਰਿਹਾਈ ਬਹੁਤ ਹੀ ਪ੍ਰੇਸ਼ਾਨਕੁਨ ਵਰਤਾਰੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਉਸ ਨੂੰ ਸਜ਼ਾ ਹੋਣ ਤੋਂ ਬਾਅਦ ਪਿਛਲੇ ਕੁਝ ਸਾਲਾਂ ਤੋਂ ਜਿਵੇਂ ਵਾਰ-ਵਾਰ ਪੈਰੋਲ ਅਤੇ ਫਰਲੋ ਦਿੱਤੀ ਜਾ ਰਹੀ ਹੈ, ਉਸ ਤੋਂ ਅਜਿਹੇ ਫ਼ੈਸਲੇ ਕਰਨ ਵਾਲੀਆਂ ਨਿਆਂਇਕ ਅਤੇ ਸਿਆਸੀ ਵਿਵਸਥਾਵਾਂ ਦੀ ਦਿਆਨਤਦਾਰੀ ਨੂੰ ਲੈ ਕੇ ਗੰਭੀਰ ਸਵਾਲ ਉੱਠਦੇ ਹਨ। ਗੁਰਮੀਤ ਰਾਮ ਰਹੀਮ ਆਪਣੀਆਂ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਸੰਨ 2017 ਤੋਂ ਲੈ ਕੇ 20 ਸਾਲਾਂ ਦੀ ਕੈਦ ਅਤੇ ਸਿਰਸਾ ਦੇ ਪੱਤਰਕਾਰ ਰਾਮ ਚੰਦਰ ਛਤਰਪਤੀ ਹੱਤਿਆ ਦੇ ਮਾਮਲੇ ਸਬੰਧੀ ਉਮਰ ਕੈਦ ਦੀਆਂ ਸਜ਼ਾਵਾਂ ਭੁਗਤ ਰਿਹਾ ਹੈ। ਦੇਖਿਆ ਜਾਂਦਾ ਹੈ ਕਿ ਖ਼ਾਸਕਰ ਚੋਣਾਂ ਮੌਕੇ ਉਸ ਨੂੰ ਫਰਲੋ ਦੇ ਦਿੱਤੀ ਜਾਂਦੀ ਹੈ ਜਿਸ ਨਾਲ ਨਿਆਂਇਕ ਪ੍ਰਣਾਲੀ ਦੀ ਨਿਰਪੱਖਤਾ ’ਤੇ ਸ਼ੰਕੇ ਖੜ੍ਹੇ ਹੋ ਰਹੇ ਹਨ। ਪਿਛਲੇ ਦਿਨੀਂ ਉਸ ਨੂੰ 21 ਦਿਨਾਂ ਦੀ ਫਿਰ ਫਰਲੋ ਦੇ ਦਿੱਤੀ ਗਈ ਜਦੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਅਜਿਹਾ ਇੱਕ-ਦੋ ਵਾਰ ਨਹੀਂ ਸਗੋਂ ਦਸ ਵਾਰ ਹੋ ਚੁੱਕਿਆ ਹੈ, ਉਹ ਵੀ ਅਜਿਹੇ ਮੁਜਰਮ ਦੇ ਮਾਮਲੇ ਵਿੱਚ ਜਿਸ ਨੂੰ ਸੰਗੀਨ ਦੋਸ਼ਾਂ ਦੀ ਸਜ਼ਾ ਸੁਣਾਈ ਗਈ ਸੀ। ਉਸ ਦੇ ਅਪਰਾਧਿਕ ਵਿਹਾਰ ਨੂੰ ਸੁਧਾਰਨ ਦਾ ਇਹ ਕਿਹੋ ਜਿਹਾ ਤੌਰ-ਤਰੀਕਾ ਹੈ ?

ਵੱਡੀ ਹੈਰਾਨੀ ਅਤੇ ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਹਾਲ ਹੀ ਵਿਚ ਪੰਜਾਬ ਹਰਿਆਣਾ ਹਾਈਕੋਰਟ ਨੇ ਰਾਮ ਰਹੀਮ ਨੂੰ ਫਰਲੋ ਦੇਣ ਬਾਬਤ ਹਰਿਆਣਾ ਸਰਕਾਰ ਦੇ ਅਖ਼ਤਿਆਰ ਨੂੰ ਸਹੀ ਕਰਾਰ ਦਿੱਤਾ ਸੀ। ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਹੱਤਿਆ ਅਤੇ ਜਬਰ-ਜਨਾਹ ਜਿਹੇ ਦੋਸ਼ਾਂ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਕਿਸੇ ਅਜਿਹੇ ਸ਼ਖ਼ਸ ਨੂੰ ਕੋਈ ਸਰਕਾਰ ਕਿਵੇਂ ਬੱਸ ਐਵੇਂ ਹੀ ‘ਚੰਗੇ ਕਿਰਦਾਰ’ ਦਾ ਪ੍ਰਮਾਣ ਪੱਤਰ ਦੇ ਦਿੰਦੀ ਹੈ। ਡੇਰਾ ਸਿਰਸਾ ਦੇ ਸ਼ਰਧਾਲੂਆਂ ਦੀ ਹਰਿਆਣਾ, ਪੰਜਾਬ ਤੇ ਰਾਜਸਥਾਨ ਦੇ ਕਈ ਖੇਤਰਾਂ ਵਿੱਚ ਅੱਛੀ ਖਾਸੀ ਤਾਦਾਦ ਹੈ ਅਤੇ ਚੋਣਾਂ ਮੌਕੇ ਇਹ ਸਭ ਸਿਆਸੀ ਗਿਣਤੀਆਂ ਮਿਣਤੀਆਂ ਅਕਸਰ ਇਹੋ ਜਿਹੇ ਫ਼ੈਸਲੇ ਕਰਵਾ ਦਿੰਦੀਆਂ ਹਨ।

ਪਿਛਲੇ ਕਈ ਸਾਲਾਂ ਤੋਂ ਡੇਰਾ ਕੁਝ ਖ਼ਾਸ ਸਿਆਸੀ ਪਾਰਟੀਆਂ ਨਾਲ ਵੋਟਾਂ ਦੀ ਸੌਦੇਬਾਜ਼ੀ ਕਰ ਰਿਹਾ ਹੈ ਪਰ ਚੁਣਾਵੀ ਫ਼ਾਇਦੇ ਦੀ ਇਸ ਖੇਡ ਵਿੱਚ ਇਨਸਾਫ਼ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਅਫ਼ਸੋਸ ਤੇ ਚਿੰਤਾ ਦੀ ਗੱਲ ਇਹ ਹੈ ਕਿ ਕੋਈ ਵੀ ਲੋਕਰਾਜੀ ਸੰਸਥਾ ਇਸ ਵੱਲ ਤਵੱਜੋ ਨਹੀਂ ਦੇ ਰਹੀ। ਸਿਆਸੀ ਪਾਰਟੀਆਂ ਨਾਲ ਸਫ਼ਬੰਦੀ ਕਰਨ ਦਾ ਡੇਰੇ ਦਾ ਪੁਰਾਣਾ ਇਤਿਹਾਸ ਹੈ। ਇਸ ਨੇ 2014 ਦੀਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਭਾਜਪਾ ਨੂੰ ਖੁੱਲ੍ਹੀ ਹਮਾਇਤ ਦਿੱਤੀ ਸੀ।

ਇਹ ਨਰਮੀ ਸਿਰਫ਼ ਕੋਈ ਕਾਨੂੰਨੀ ਮੁੱਦਾ ਨਹੀਂ ਹੈ; ਇਹ ਨੈਤਿਕ ਨਾਕਾਮੀ ਹੈ। ਇਹ ਬੜਾ ਖ਼ਤਰਨਾਕ ਸੁਨੇਹਾ ਦਿੰਦੀ ਹੈ ਕਿ ਜਿਨ੍ਹਾਂ ਕੋਲ ਸਿਆਸੀ ਪਹੁੰਚ ਹੈ, ਉਹ ਇਨਸਾਫ਼ ਦੀ ਪਕੜ ’ਚ ਨਹੀਂ ਆਉਂਦੇ, ਪੀੜਤਾਂ ਦੇ ਕਸ਼ਟ ਅਤੇ ਨਿਰਪੱਖਤਾ ਦੇ ਸਿਧਾਂਤਾਂ ਨੂੰ ਇਹ ਟਿੱਚ ਜਾਣਦੇ ਹਨ। ਕਾਨੂੰਨ ਸਾਰਿਆਂ ’ਤੇ ਬਰਾਬਰ ਲਾਗੂ ਹੋਣਾ ਚਾਹੀਦਾ ਹੈ, ਪਦਵੀ ਭਾਵੇਂ ਕੋਈ ਵੀ ਹੋਵੇ। ਇਸ ਤੋਂ ਘੱਟ ਕੋਈ ਵੀ ਕਾਰਵਾਈ, ਨਿਆਂਇਕ ਪ੍ਰਣਾਲੀ ਦੀ ਭਰੋਸੇਯੋਗਤਾ ਅਤੇ ਜਨਤਾ ਦੇ ਇਸ ’ਚ ਵਿਸ਼ਵਾਸ ਦਾ ਨੁਕਸਾਨ ਹੀ ਕਰੇਗੀ।

ਸਰਕਾਰੀ ਗਊਸ਼ਾਲਾ ਪਿੰਡ ਬੁਰਜ ਪਵਾਤ ਵਿਖੇ ਗਊ ਭਲਾਈ ਕੈਂਪ ਲਗਾਇਆ

ਮਾਛੀਵਾੜਾ ਸਾਹਿਬ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਗਊਸ਼ਾਲਾ ਬੁਰਜ ਪਵਾਤ ਵਿਖੇ ਪੰਜਾਬ ਗਊ ਸੇਵਕ ਕਮਿਸ਼ਨ ਦੇ ਸਹਿਯੋਗ ਸਦਕਾ ਡਾਕਟਰ ਗੁਰਮੁਖ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾਕਟਰ ਚੇਤਨ ਗੁਪਤਾ ਸੀਨੀਅਰ ਵੈਟਰਨਰੀ ਅਫਸਰ ਸਿਵਿਲ ਵੈਟਰਨਰੀ ਹਸਪਤਾਲ ਸਮਰਾਲਾ ਦੀ ਯੋਗ ਅਗਵਾਈ ਹੇਠ ਗਊ ਭਲਾਈ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸ਼ਕਤੀ ਅਨੰਦ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਮਾਛੀਵਾੜਾ ਸਾਹਿਬ ਅਤੇ ਅਸਿਸਟੈਂਟ ਡਾਇਰੈਕਟਰ ਡਾ.ਜਗਦੀਪ ਸਿੰਘ ਖਹਿਰਾ ਨੇ ਕੀਤਾ ਇਸ ਗਊ ਭਲਾਈ ਕੈਂਪ ਵਿੱਚ ਡਾਕਟਰ ਗੁਰਿੰਦਰ ਪਾਲ ਸਿੰਘ ਵੀ.ਓ.,ਡਾਕਟਰ ਗੁਰਦਰਸ਼ਨ ਸਿੰਘ ਵੀ.ਓ, ਡਾ.ਗੁਰਦਿਆਲ ਸਿੰਘ ਅਤੇ ਉਹਨਾਂ ਦੀ ਟੀਮ ਨੇ 180 ਬਿਮਾਰ ਗਊਆਂ ਦਾ ਇਲਾਜ ਕੀਤਾ। ਕੈਂਪ ਪ੍ਰਬੰਧਨ ਵਿੱਚ ਅਜੀਤ ਲਾਕੜਾ ਧਿਆਨ ਫਾਊਂਡੇਸ਼ਨ ਦਾ ਵਿਸ਼ੇਸ਼ ਯੋਗਦਾਨ ਰਿਹਾ ਪੰਜਾਬ ਗਊ ਸੇਵਾ ਕਮਿਸ਼ਨ ਵੱਲੋਂ ਇਸ ਕੈਂਪ ਲਈ ਦਵਾਈ ਦੀ ਖਰੀਦ ਵਾਸਤੇ ਦਿੱਤੀ ਗਈ 25 ਹਜਾਰ ਰੁਪਏ ਦੀ ਵਿੱਤੀ ਸਹਾਇਤਾ ਲਈ ਧਿਆਨ ਫਾਊਂਡੇਸ਼ਨ ਵੱਲੋਂ ਅਸ਼ੋਕ ਕੁਮਾਰ ਸਿੰਗਲਾ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਪਿੰਡ ਦੇ ਪੰਚ ਮੁਖਤਿਆਰ ਸਿੰਘ, ਪੰਚ ਸਿਮਰ ਚੰਦ, ਜੋਰਾ ਸਿੰਘ, ਬਲਵੀਰ ਸਿੰਘ, ਗੁਰਪਾਲ ਸਿੰਘ ਵੀ ਹਾਜ਼ਰ ਸਨ।

ਮੁੱਖ ਮੰਤਰੀ ਵੱਲੋਂ ਵਾਤਾਵਰਣ ਦੀ ਰਾਖੀ ਲਈ ਪੰਜਾਬੀਆਂ ਨੂੰ ਲੋਕ ਲਹਿਰ ਚਲਾਉਣ ਦਾ ਸੱਦਾ

ਆਜ਼ਾਦੀ ਦਿਹਾੜੇ ਮੌਕੇ ਜਲੰਧਰ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਲਹਿਰਾਇਆ ਤਿਰੰਗਾ

ਜਲੰਧਰ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਮੂਹ ਪੰਜਾਬੀਆਂ ਨੂੰ ਮਹਾਨ ਗੁਰੂ ਸਹਿਬਾਨ ਦੀਆਂ ਸਿੱਖਿਆਵਾਂ ’ਤੇ ਚੱਲਦਿਆਂ ਦੂਸ਼ਿਤ ਹੋ ਰਹੇ ਵਾਤਾਵਰਣ ਦੀ ਰੋਕਥਾਮ ਲਈ ਵਿਆਪਕ ਲੋਕ ਲਹਿਰ ਚਲਾਉਣ ਦਾ ਸੱਦਾ ਦਿੱਤਾ। ਇਥੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ 78ਵੇਂ ਆਜ਼ਾਦੀ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕੌਮੀ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਦੇ ਲਾਮਿਸਾਲ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਆਜ਼ਾਦੀ ਅੰਦੋਲਨ ਦੌਰਾਨ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਵਤਨ ਦੀ ਖਾਤਰ ਸ਼ਹਾਦਤ ਹਾਸਲ ਕਰਨ ਵਾਲੇ ਅਤੇ ਪੰਜਾਬ ਤੋਂ ਜਲਾਵਤਨ ਹੋਣ ਵਾਲਿਆਂ ਵਿੱਚ 80 ਫੀਸਦੀ ਤੋਂ ਵੱਧ ਲੋਕ ਪੰਜਾਬ ਦੇ ਸਨ। ਉਨ੍ਹਾਂ ਕਿਹਾ ਕਿ ਬਾਬਾ ਰਾਮ ਸਿੰਘ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ, ਦੀਵਾਨ ਸਿੰਘ ਕਾਲੇਪਾਣੀ ਅਤੇ ਹੋਰ ਮਹਾਨ ਨਾਇਕਾਂ ਨੇ ਆਜ਼ਾਦੀ ਹਾਸਲ ਕਰਨ ਲਈ ਆਪਣੇ ਖੂਨ ਦਾ ਕਤਰਾ-ਕਤਰਾ ਵਹਾਅ ਦਿੱਤਾ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਨੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਹਮੇਸ਼ਾ ਹੀ ਮੋਹਰੀ ਰੋਲ ਅਦਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਮਿਹਨਤਕਸ਼ ਕਿਸਾਨਾਂ ਨੇ ਦੇਸ਼ ਵਿੱਚ ਹਰੀ ਕ੍ਰਾਂਤੀ ਲਿਆਉਣ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ, ਜਿਸ ਨਾਲ ਮੁਲਕ ਅਨਾਜ ਪੱਖੋਂ ਆਤਮ ਨਿਰਭਰ ਬਣਿਆ। ਉਨ੍ਹਾਂ ਕਿਹਾ ਕਿ ਦੇਸ਼ ਦੇ ਅੰਨ ਭੰਡਾਰ ਦੀ ਸੁਰੱਖਿਆ ਲਈ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਵੱਡੀ ਕੀਮਤ ਵੀ ਉਤਾਰਨੀ ਪਾਈ ਕਿਉਂਕਿ ਉਨ੍ਹਾਂ ਨੇ ਪਾਣੀ ਅਤੇ ਜਰਖੇਜ਼ ਜ਼ਮੀਨ ਵਰਗੇ ਬੇਸ਼ਕੀਮਤੀ ਸਰੋਤ ਵੀ ਦਾਅ ’ਤੇ ਲਾ ਦਿੱਤੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੇ ਵੱਡੇ ਯੋਗਦਾਨ ਸਦਕਾ ਅੱਜ ਭਾਰਤ ਦੂਜੇ ਮੁਲਕਾਂ ਨੂੰ ਅਨਾਜ ਬਰਾਮਦ ਕਰ ਰਿਹਾ ਹੈ ਜਦਕਿ 1960 ਦੇ ਦਹਾਕੇ ਦੌਰਾਨ ਅਸੀਂ ਅਨਾਜ ਲਈ ਹੋਰ ਮੁਲਕਾਂ ਦੇ ਰਹਿਮੋ-ਕਰਮ ’ਤੇ ਸਾਂ।

ਮੁੱਖ ਮੰਤਰੀ ਨੇ ਕਿਹਾ ਕਿ ਮੁਲਕ ਤਾਂ ਹੀ ਤਰੱਕੀ ਕਰ ਸਕਦਾ ਹੈ ਜੇਕਰ ਪੰਜਾਬ ਖੁਸ਼ਹਾਲੀ ਅਤੇ ਵਿਕਾਸ ਦੇ ਪੱਖੋਂ ਮੋਹਰੀ ਭੂਮਿਕਾ ਨਿਭਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿਨਾਂ ਵਿੱਚ ਪ੍ਰਦੂਸ਼ਣ ਨੂੰ ਰੋਕਣਾ ਗੰਭੀਰ ਚੁਣੌਤੀ ਹੈ, ਜਿਸ ਕਰਕੇ ਹਰੇਕ ਪੰਜਾਬੀ ਨੂੰ ਇਸ ਸਮੱਸਿਆ ਤੋਂ ਮੁਕਤੀ ਪਾਉਣ ਲਈ ਵਧ-ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਗੁਰਬਾਣੀ ਦੀ ਤੁਕ ‘ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ’ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮਹਾਨ ਗੁਰੂਆਂ ਨੇ ਹਵਾ (ਪਵਨ) ਨੂੰ ਗੁਰੂ ਨਾਲ, ਪਾਣੀ ਨੂੰ ਪਿਤਾ ਨਾਲ ਅਤੇ ਜ਼ਮੀਨ (ਧਰਤ) ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਦੋਂ ਸਾਨੂੰ ਸੂਬੇ ਦੇ ਵਾਤਾਵਰਣ ਨੂੰ

ਬਚਾਉਣ ਦਾ ਸੰਕਲਪ ਲੈਂਦਿਆਂ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਗੁਰਬਾਣੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਣ ਦੀ ਰਾਖੀ ਲਈ ਵਿਆਪਕ ਲਹਿਰ ਆਰੰਭਣੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਦੂਸ਼ਣ ਮੁਕਤ ਵਾਤਾਵਰਣ ਦੇ ਸਕੀਏ। ਭਗਵੰਤ ਸਿ

21ਵੇਂ ਸਲਾਨਾ ਮਾਂ ਭਗਵਤੀ ਜਾਗਰਣ ਵਿਚ ਹਾਜ਼ਰੀ ਲਗਾਈ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ

➢ ਰੇਹੜੀ ਫੜੀ ਯੂਨੀਅਨ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਹੈ ਜਾਗਰਣ ➢ ਰੇਹੜੀ ਫੜੀ ਯੂਨੀਅਨ ਦੀਆਂ ਦਹਾਕਿਆਂ ਪੁਰਾਣੀਆਂ ਮੰਗਾ ਕੈਬਨਿਟ ਮੰਤਰੀ ਨੇ ਕੀਤੀਆ ਪ੍ਰਵਾਨ

ਸ੍ਰੀ ਅਨੰਦਪੁਰ ਸਾਹਿਬ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-

ਬੀਤੀ ਸ਼ਾਮ ਰੇਹੜੀ ਫੜੀ ਯੂਨੀਅਨ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਕਰਵਾਏ 21ਵੇਂ ਸਲਾਨਾ ਮਾਂ ਭਗਵਤੀ ਜਾਗਰਣ ਵਿੱਚ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਜਿਕਰਯੋਗ ਹੈ ਕਿ ਯੂਨੀਅਨ ਵੱਲੋਂ ਹਰ ਸਾਲ ਸਾਉਣ ਦੇ ਨਵਰਾਤਰਿਆਂ ਮੋਕੇ ਵਿਸ਼ਾਲ ਭੰਡਾਰਾ ਤੇ ਮਾਤਾ ਦਾ ਜਾਗਰਣ ਭਗਤ ਰਵਿਦਾਸ ਚੌਕ ਵਿਖੇ ਕਰਵਾਇਆ ਜਾਂਦਾ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੇ ਆਪ ਨੂੰ ਬੜੇ ਭਾਗਾਂ ਵਾਲੇ ਸਮਝਦੇ ਹਨ ਜਿਨਾਂ ਸ਼੍ਰੀ ਅਨੰਦਪੁਰ ਸਾਹਿਬ ਵਰਗੀ ਮਹਾਨ ਪਵਿੱਤਰ ਧਰਤੀ ਤੇ ਸੇਵਾ ਕਰਨ ਦਾ ਮੋਕਾ ਮਿਲਿਆ ਹੈ। ਉਨਾਂ ਨੇ ਕਿਹਾ ਕਿ ਇਨਸਾਨ ਦੇ ਜਰੂਰੀ ਰੁਝੇਵਿਆਂ ਦੇ ਨਾਲ ਨਾਲ ਧਾਰਮਿਕ ਸਮਾਗਮਾਂ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ ਕੇ ਭਾਗ ਲੈਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ, ਸੰਗਠਨਾਂ ਅਤੇ ਇਨਾਂ ਦੇ ਆਗੂਆਂ ਦੀ ਭੂਮਿਕਾ ਬਹੁਤ ਸ਼ਲਾਘਾਯੋਗ ਹੈ, ਜੋ ਲੋੜਵੰਦਾਂ ਦੀ ਭਲਾਈ ਦੇ ਨਾਲ ਨਾਲ ਧਾਰਮਿਕ ਸਥਾਨਾਂ ਤੇ ਜਾਣ ਵਾਲੇ ਸ਼ਰਧਾਲੂਆਂ ਸੰਗਤਾਂ ਦੀ ਨਿਰਸਵਾਰਥ ਸੇਵਾ ਕਰਦੇ ਹਨ। ਉਨਾਂ ਕਿਹਾ ਕਿ ਰੇਹੜੀ ਫੜੀ ਯੂਨੀਅਨ ਦੇ ਸਾਰੇ ਮੈਂਬਰ ਵੀ ਬੜੀ ਮਿਹਨਤੀ ਲੋਕ ਹਨ, ਜਿਹੜੇ ਦਿਨ ਰਾਤ ਮਿਹਨਤ ਕਰਕੇ ਆਪਣਾ ਘਰ ਚਲਾਉਂਦੇ ਹਨ।

ਸ:ਬੈਂਸ ਨੇ ਕਿਹਾ ਕਿ ਉਹ ਮਾਤਾ ਰਾਣੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦੇ ਹਨ ਕਿ ਮਾਤਾ ਰਾਣੀ ਸਭਨਾਂ ਦੇ ਸਿਰਾਂ ਤੇ ਆਪਣਾ ਮਿਹਰ ਭਰਿਆ ਆਸ਼ੀਰਵਾਦ ਬਣਾਈ ਰੱਖਣ ਤੇ ਸਭਨਾ ਵਿੱਚ ਇਸੇ ਤਰਾਂ ਭਾਈਚਾਰਕ ਸਾਂਝ ਬਣੀ ਰਹੇ। ਉਨਾਂ ਕਿਹਾ ਕਿ ਯੂਨੀਅਨ ਵੱਲੋਂ ਉਨਾਂ ਕੋਲ ਇੱਕ ਮੰਗ ਰੱਖੀ ਗਈ ਹੈ ਜਿਸਨੂੰ ਜਲਦ ਪੂਰਾ ਕਰ ਦਿੱਤਾ ਜਾਵੇਗਾ ਤੇ ਕਿਸੇ ਵੀ ਤਰਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੋਕੇ ਮਸ਼ੂਹਰ ਗਾਇਕ ਬੰਟੀ ਸ਼ਹਿਜਾਦਾ ਨੇ ਮਹਾਂਮਾਈ ਦਾ ਗੁਣਗਾਨ ਕੀਤਾ ਤੇ ਸਟੇਜ ਦੀ ਭੂਮਿਕਾ ਐਂਕਰ ਸੰਦੀਪ ਭਾਰਦਵਾਜ ਵੱਲੋਂ ਨਿਭਾਈ ਗਈ।

ਇਸ ਮੋਕੇ ਰੇਹੜੀ ਫੜੀ ਯੂਨੀਅਨ ਦੇ ਪ੍ਰਧਾਨ ਸੁਨੀਲ ਅਡਵਾਲ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਤੋਰ ਤੇ ਸਨਮਾਨ ਕੀਤਾ ਗਿਆ। ਇਸ ਮੋਕੇ ਮਾਰਕੀਟ ਕਮੇਟੀ ਦੇ ਚੈਅਰਮੇਨ ਕਮਿੱਕਰ ਸਿੰਘ ਡਾਢੀ, ਠੇਕੇਦਾਰ ਬਚਿੱਤਰ ਸਿੰਘ ਬੈਂਸ, ਕੌਂਸਲਰ ਦਲਜੀਤ ਸਿੰਘ ਕੌਂਖ,ਬਲਾਕ ਪ੍ਰਧਾਨ ਕੇਸਰ ਸਿੰਘ ਸੰਧੂ, ਨਿਤਿਨ ਨੰਦਾ, ਲੱਕੀ ਕਪਿਲਾ, ਅਭੀਜੀਤ ਸਿੰਘ ਅਲੈਕਸੀ, ਬਲਵਿੰਦਰ ਸਿੰਘ ਫੌਜੀ, ਜਿੰਮੀ ਡਾਢੀ,ਸੋਨੂੰ ਚੋਧਰੀ,ਰਜਿੰਦਰ ਗਿੱਲ, ਦਲੀਪ ਹੰਸ, ਰਵੀ ਹੰਸ, ਗੁਰਸ਼ੇਰ ਸਿੰਘ ਤੋਂ ਇਲਾਵਾ ਯੂਨੀਅਨ ਮੈਂਬਰ ਵਿਕਾਸ ਅਡਵਾਲ, ਸ਼ਿਵ ਕੁਮਾਰ ਜਗੋਤਾ, ਰਾਜਦੀਪ ਕਾਕੂ ਸਰਪੰਚ, ਬਿੱਟੂ, ਕਾਕੂ ਕੁਮਾਰ,ਬਲੀ ਮੁਹੰਮਦ,ਗੁਰਮੀਤ ਸਿੰਘ,ਗੁਰਭੇਜ ਸਿੰਘ, ਬੀਰਾ, ਪ੍ਰਿੰਸ ਕੁਮਾਰ, ਮਨੋਹਰ,ਰਾਹੁਲ ਕੁਮਾਰ, ਲਾਡੀ, ਰੰਮੀ ਕੁਮਾਰ,ਵਿਵੇਕ ਸ਼ਰਮਾ, ਚੰਦਰ ਪਾਲ, ਸ਼ਮਸ਼ੇਰ ਸਿੰਘ, ਅੰਜਲੀ, ਅਰੁਣ ਕੁਮਾਰ, ਸਾਹਿਲ ਕੁਮਾਰ, ਪ੍ਰਜਾਪਤੀ, ਕਰਨ, ਰਾਹੁਲ ਕੁਮਾਰ, ਨੀਰਜ ਕੁਮਾਰ, ਰਾਜੂ ਕੁਮਾਰ ਆਦਿ ਮੋਜੂਦ ਸਨ।

ਫ਼ੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਦਾ ਕੰਮ ਜਾਰੀ

ਬੀ.ਐਲ.ਓਜ ਵੱਲੋਂ 20 ਅਗਸਤ ਤੋਂ ਘਰ ਘਰ ਜਾ ਕੇ ਵੋਟਾਂ ਦੀ ਕੀਤੀ ਜਾਵੇਗੀ ਵੈਰੀਫਿਕੇਸ਼ਨ

ਪਟਿਆਲਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ -ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਫ਼ੋਟੋ ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜਨ ਯੋਗਤਾ ਮਿਤੀ 01.01.2025 ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ ਜਿਸ ਦੇ ਸਬੰਧ ਵਿੱਚ ਮੁੱਖ ਚੋਣ ਅਫ਼ਸਰ ਪੰਜਾਬ ਵੱਲੋਂ ਪ੍ਰੀ ਰਵੀਜਨ ਅਤੇ ਰਵੀਜਨ ਦੌਰਾਨ ਕੀਤੀਆਂ ਜਾਣ ਵਾਲੀਆ ਗਤੀਵਿਧੀਆਂ ਸਬੰਧੀ ਸ਼ੈਡਿਊਲ ਬਣਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆ ਹਦਾਇਤਾਂ ਅਨੁਸਾਰ ਇਸ ਸਮੇਂ ਵੋਟਰ ਸੂਚੀਆਂ ਦੀ ਲਗਾਤਾਰ ਸੁਧਾਈ ਦਾ ਕੰਮ ਚੱਲ ਰਿਹਾ ਹੈ, ਜਿਸ ਅਧੀਨ ਬਿਨੈਕਾਰਾਂ ਪਾਸੋਂ ਫਾਰਮ ਨੰ 6, 6ੲੇ, 7, 8 ਆਨਲਾਈਨ ਅਤੇ ਆਫ਼ਲਾਈਨ ਪ੍ਰਾਪਤ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਬੀ.ਐਲ.ਓਜ. ਵੱਲੋਂ ਅਲਾਟ ਪੋਲਿੰਗ ਬੂਥ ਦੀ ਮਿਤੀ 20.08.2024 ਤੋਂ 20.09.2024 ਤੱਕ ਘਰ ਘਰ ਜਾ ਕੇ ਵੈਰੀਫਿਕੇਸ਼ਨ ਕੀਤੀ ਜਾਵੇਗੀ। ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲਗਾਤਾਰ ਸੁਧਾਈ ਦੇ ਚੱਲ ਰਹੇ ਪ੍ਰੋਗਰਾਮ ਵਿੱਚ ਪ੍ਰਾਪਤ ਹੋਏ ਫਾਰਮਾਂ ਦਾ ਨਿਪਟਾਰਾ ਮਿਤੀ 15.10.24 ਤੱਕ ਕੀਤਾ ਜਾਣਾ ਹੈ। ਵੋਟਰ ਸੂਚੀਆਂ ਦੀ ਸਪੈਸ਼ਲ ਸਮਰੀ ਰਵੀਜਨ ਯੋਗਤਾ ਮਿਤੀ 01.01.25 ਦੀ ਪ੍ਰੀ ਰਵੀਜਨ ਐਕਟੀਵਿਟੀ ਵਿੱਚ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਕੀਤੀ ਜਾ ਰਹੀ ਹੈ ਜਿਸ ਦੀ ਤਜਵੀਜ਼ ਮੁੱਖ ਚੋਣ ਅਫ਼ਸਰ, ਪੰਜਾਬ ਰਾਹੀਂ ਭਾਰਤ ਚੋਣ ਕਮਿਸ਼ਨ ਨੂੰ ਪ੍ਰਵਾਨਗੀ ਲਈ ਭੇਜੀ ਜਾਵੇਗੀ। ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਿਤੀ 29.10.24 ਨੂੰ ਏਕੀਕ੍ਰਿਤ ਡਰਾਫਟ ਵੋਟਰ ਸੂਚੀ ਦੀ ਮੁਢਲੀ ਪ੍ਰਕਾਸ਼ਨਾਂ ਕੀਤੀ ਜਾਣੀ ਹੈ ਅਤੇ ਮਿਤੀ 29.10.24 ਤੋਂ ਮਿਤੀ 28.11.24 ਤੱਕ ਆਮ ਜਨਤਾ ਤੋਂ ਦਾਵੇ ਤੇ ਏਤਰਾਜ ਪ੍ਰਾਪਤ ਕੀਤੇ ਜਾਣੇ ਹਨ। ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋਂ ਮਿਤੀ 9.11.24, 23.11.24 ਦਿਨ ਸ਼ਨੀਵਾਰ ਅਤੇ ਮਿਤੀ 10.11.24, 24.11.24 ਦਿਨ ਐਤਵਾਰ ਨੂੰ ਸਮੂਹ ਪੋਲਿੰਗ ਬੂਥਾਂ ਤੇ ਸਪੈਸ਼ਲ ਕੈਂਪ ਜਾਣਗੇ ਜਿਸ ਵਿੱਚ ਆਮ ਜਨਤਾ ਪਾਸੋਂ ਫਾਰਮ ਨੰ 6, 6ੲੇ, 7, 8 ਪ੍ਰਾਪਤ ਕੀਤੇ ਜਾਣਗੇ। ਆਮ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬੀ ਵੱਲੋਂ ਜਾਰੀ ਉਕਤ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੀ ਸੁਧਾਈ ਦੇ ਕੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ ਅਤੇ ਆਪਣੀ ਨਵੀਂ ਵੋਟ ਰਜਿਸਟਰੇਸ਼ਨ ਲਈ ਫਾਰਮ ਨੰ. 6, ਵੋਟ ਦੀ ਕਟੋਤੀ ਲਈ ਫਾਰਮ ਨੰ.7 ਅਤੇ ਵੋਟਰ ਸੂਚੀ ਵਿੱਚ ਦਰਜ ਵੇਰਵਿਆਂ ਦੀ ਸੋਧ ਲਈ ਫਾਰਮ ਨੰ.8 ਵਿੱਚ ਅਪਲਾਈ ਕੀਤਾ ਜਾਵੇ ਤਾਂ ਜੋ ਇਕ ਸਾਫ਼ ਸੁਥਰੀ ਅਤੇ ਦੋਸ਼ ਰਹਿਤ ਵੋਟਰ ਸੂਚੀ ਤਿਆਰ ਕੀਤੀ ਜਾ ਸਕੇ।

ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮਰੀਟਸ ਰਾਜਿੰਦਰ ਗੁਪਤਾ ਨੇ ਤਿਰੁਮਾਲਾ ਤਿਰੂਪਤੀ ਦੇਵਸਥਾਨਮ ਨੂੰ 21 ਕਰੋੜ ਰੁਪਏ ਕੀਤੇ ਦਾਨ

ਬਰਨਾਲਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-

ਕਮਿਊਨਿਟੀ ਕਲਿਆਣ ਪ੍ਰਤੀ ਆਪਣੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੇ ਹੋਏ, ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮਰੀਟਸ, ਸ਼੍ਰੀ ਰਜਿੰਦਰ ਗੁਪਤਾ ਨੇ ਤਿਰੁਮਾਲਾ ਤਿਰੂਪਤੀ ਦੇਵਸਥਾਨਮ (TTD) ਦੇ ਐਸ.ਵੀ. ਪ੍ਰਾਨਦਾਨ ਟਰੱਸਟ ਤਿਰੂਪਤੀ, ਭਗਵਾਨ ਵੈਂਕਟੇਸ਼ਵਰ ਦੇ ਪ੍ਰਸਿੱਧ ਮੰਦਰ ਨੂੰ 21 ਕਰੋੜ ਰੁਪਏ ਦਾ ਮਹੱਤਵਪੂਰਨ ਯੋਗਦਾਨ ਦਿੱਤਾ।

ਰਜਿੰਦਰ ਗੁਪਤਾ ਨੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਨਿੱਜੀ ਤੌਰ 'ਤੇ ਟੀਟੀਡੀ ਦੇ ਐਡੀਸ਼ਨਲ ਐਗਜ਼ੀਕਿਊਟਿਵ ਅਫਸਰ ਵੈਂਕਈਆ ਚੌਧਰੀ ਨੂੰ ਉਨ੍ਹਾਂ ਦੇ ਦਫ਼ਤਰ ਵਿਖੇ ਦਾਨ ਦਾ ਚੈੱਕ ਸੌਂਪਿਆ।

ਟੀਟੀਡੀ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ, ਐਸ.ਵੀ. ਪ੍ਰਾਨਦਾਨ ਟਰੱਸਟ ਨੂੰ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮਰੀਟਸ ਰਾਜਿੰਦਰ ਗੁਪਤਾ ਦੁਆਰਾ 21 ਕਰੋੜ ਰੁਪਏ ਦਾ ਵੱਡਾ ਦਾਨ ਦਿੱਤਾ ਗਿਆ ਹੈ। ਦਾਨੀ ਨੇ ਰਕਮ ਦਾ ਚੈਕ ਸ਼੍ਰੀ ਵੈਂਕਈਆ ਚੌਧਰੀ, ਐਡੀਸ਼ਨਲ ਐਗਜ਼ੀਕਿਊਟਿਵ ਅਫਸਰ, ਟੀ.ਟੀ.ਡੀ, ਨੂੰ ਤਿਰੁਮਾਲਾ ਸਥਿਤ ਆਪਣੇ ਕੈਂਪ ਦਫਤਰ ਵਿਖੇ ਸੌਂਪਿਆ।

ਇਹ ਵੱਡਾ ਯੋਗਦਾਨ ਐਸ.ਵੀ. ਪ੍ਰਾਨਦਾਨ ਟਰੱਸਟ ਦੇ ਯਤਨਾਂ ਨੂੰ ਮਹੱਤਵਪੂਰਨ ਤੌਰ 'ਤੇ ਹੁਲਾਰਾ ਦੇਵੇਗਾ, ਜੋ ਮਰੀਜ਼ਾਂ, ਖਾਸ ਤੌਰ 'ਤੇ ਜਾਨਲੇਵਾ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਮੁਫ਼ਤ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਲਈ ਸਮਰਪਿਤ ਹੈ। ਸ਼੍ਰੀ ਰਜਿੰਦਰ ਗੁਪਤਾ ਦਾ ਇਹ ਯੋਗਦਾਨ ਟ੍ਰਾਈਡੈਂਟ ਗਰੁੱਪ ਦੇ ਕਮਿਊਨਿਟੀ ਦੀ ਭਲਾਈ ਨੂੰ ਬਿਹਤਰ ਬਣਾਉਣ ਦੇ ਸਮਰਪਣ ਨੂੰ ਉਜਾਗਰ ਕਰਦਾ ਹੈ ਅਤੇ ਸਾਰਥਕ ਪ੍ਰਭਾਵ ਲਈ ਇਸਦੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ।

ਬਰਸਾਤੀ ਪਾਣੀ ਵਧਣ ਕਰਕੇ ਪਿੰਡ ਲੋਹਸਿਬਲੀ ਤੋਂ ਊਂਟਸਰ ਵਾਲਾ ਰਸਤਾ ਕੀਤਾ ਬੰਦ

ਘਨੌਰ, (ਪਟਿਆਲਾ) 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-

ਅੰਬਾਲਾ ਤੋਂ ਪਿੰਡ ਲੋਹਸਿਬਲੀ ਰਸਤੇ ਪੰਜਾਬ ਆਉਣ ਵਾਲੇ ਰਾਹਗੀਰ ਜੋ ਕਿ ਅੱਗੇ ਸਰਹਿੰਦ-ਲੁਧਿਆਣਾ ਨੂੰ ਜਾਣ ਲਈ ਲੋਹਸਿਬਲੀ ਤੋਂ ਊਂਟਸਰ ਦਾ ਰਸਤਾ ਲੈਂਦੇ ਸਨ, ਉਸ ਰਸਤੇ ਉਪਰ ਬਰਸਾਤੀ ਪਾਣੀ ਵਧਣ ਕਰਕੇ ਇਸ ਰਸਤੇ ਨੂੰ ਥਾਣਾ ਘਨੌਰ ਦੀ ਪੁਲਿਸ ਵੱਲੋਂ ਲੋਹਸਿਬਲੀ ਤੋਂ ਬੈਰੀਕੇਡ ਲਗਾ ਕੇ ਬੰਦ ਕੀਤਾ ਗਿਆ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਕਿਸਾਨ ਅੰਦੋਲਨ ਕਰਕੇ ਸ਼ੰਭੂ ਰਸਤਾ ਬੰਦ ਹੋਣ ਕਾਰਨ ਆਮ ਰਾਹਗੀਰ ਅੰਬਾਲਾ ਤੋਂ ਲੋਹਸਿਬਲੀ ਰਸਤੇ ਰਾਹੀਂ ਪੰਜਾਬ ਆ ਰਹੇ ਹਨ ਅਤੇ ਅੱਗੇ ਲੋਹਸਿਬਲੀ ਤੋਂ ਊਂਟਸਰ-ਸਮਸ਼ਪੁਰ ਦਾ ਰਸਤਾ ਲੁਧਿਆਣਾ ਵੱਲ ਨੂੰ ਜਾਣ ਵਾਸਤੇ ਵਰਤ ਰਹੇ ਸਨ, ਪਰੰਤੂ ਬੀਤੇ ਦੋ ਦਿਨ ਤੋਂ ਘੱਗਰ ਦੇ ਕੈਚਮੈਂਟ ਏਰੀਏ ਵਿੱਚ ਭਾਰੀ ਬਰਸਾਤ ਹੋਣ ਕਰਕੇ ਊਂਟਸਰ ਵਾਲੇ ਰਸਤੇ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ, ਇਸ ਲਈ ਇਹ ਰਸਤਾ ਬੰਦ ਕਰਨਾ ਪਿਆ ਹੈ।

ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਜ਼ਿਲ੍ਹਾ ਪ੍ਰਸ਼ਾਸਨ ਲਈ ਅਹਿਮ ਹੈ, ਇਸ ਲਈ ਕੋਈ ਵਾਹਨ ਇਸ ਰਸਤੇ ਉਪਰ ਨਾ ਲਿਜਾਇਆ ਜਾਵੇ। ਉਨ੍ਹਾਂ ਰਾਹਗੀਰਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਲੋਹਸਿਬਲੀ ਤੋਂ ਊਂਟਸਰ ਦੀ ਬਜਾਇ ਕਪੂਰੀ-ਸਰਾਲਾ ਵਾਲੀ ਸੜਕ ਦੇ ਉਪਰ ਦੀ ਅੱਗੇ ਜਾ ਸਕਦੇ ਹਨ। ਜਲ ਨਿਕਾਸ ਵਿਭਾਗ ਦੇ ਐਕਸੀਅਨ ਰਾਜਿੰਦਰ ਘਈ ਨੇ ਕਿਹਾ ਹੈ ਕਿ ਭਾਵੇਂ ਕਿ ਅਗਲੇ ਇੱਕ ਦੋ ਦਿਨਾਂ ਵਿੱਚ ਪਾਣੀ ਦਾ ਪੱਧਰ ਘੱਟ ਸਕਦਾ ਹੈ ਪਰੰਤੂ ਲੋਕ ਅਜੇ ਇਸ ਰਸਤੇ ਦੀ ਵਰਤੋਂ ਕਰਨ ਤੋਂ ਪਰਹੇਜ ਕਰਨ। ਘਨੌਰ ਥਾਣਾ ਮੁਖੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਰਾਹਗੀਰਾਂ ਦੀ ਜਾਨ-ਮਾਲ ਦੀ ਰਾਖੀ ਲਈ ਪੁਲਿਸ ਨੇ ਲਿੰਹਸਿਬਲੀ ਵਿਖੇ ਬੈਰੀਕੇਡ ਲਗਾ ਕੇ ਊਂਟਸਰ ਨੂੰ ਜਾਣ ਵਾਲਾ ਰਸਤਾ ਬੰਦ ਕੀਤਾ ਹੋਇਆ ਹੈ।

ਟੀ.ਐੱਸ.ਪੀ.ਐੱਲ.ਵੱਲੋਂ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ 100,000 ਰੁੱਖ ਲਗਾਉਣ ਦਾ ਟੀਚਾ

ਬਠਿੰਡਾ, 17 ਅਗਸਤ -ਕੌਮੀ ਪੱਤ੍ਰਿਕਾ ਬਿਊਰੋ-

ਤਲਵੰਡੀ ਸਾਬੋ ਪਾਵਰ ਲਿਮਟਿਡ (ਟੀ.ਐੱਸ.ਪੀ.ਐੱਲ.) ਨੇ ਰੁੱਖ ਲਗਾਉਣ ਦੀ ਇੱਕ ਅਭਿਲਾਸ਼ੀ ਪਹਿਲਕਦਮੀ ਦੀ ਸ਼ੁਰੂਆਤ ਦੇ ਨਾਲ ਵਾਤਾਵਰਣ ਦੀ ਸਥਿਰਤਾ ਲਈ ਆਪਣੀ ਵਚਨਬੱਧਤਾ ਵਿੱਚ ਇੱਕ ਮਹੱਤਵਪੂਰਨ ਕਦਮ ਅੱਗੇ ਵਧਾਇਆ ਹੈ। ਕੰਪਨੀ ਨੇ ਮਾਨਸਾ ਦੇ ਜੰਗਲਾਤ ਵਿਭਾਗ ਦੇ ਸਹਿਯੋਗ ਨਾਲ ਖੇਤਰ ਵਿੱਚ ਵੱਖ-ਵੱਖ ਥਾਵਾਂ 'ਤੇ ਲਗਭਗ 100,000 ਰੁੱਖ ਲਗਾਉਣ ਦਾ ਟੀਚਾ ਰੱਖਿਆ ਹੈ। ਇਹ ਉਪਰਾਲਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪ੍ਰੋ.(ਡਾ.) ਆਦਰਸ਼ ਪਾਲ ਵਿਗ ਦੀ ਮਾਹਿਰ ਅਗਵਾਈ ਅਤੇ ਪਵਨ ਸ੍ਰੀਧਰ, ਜ਼ਿਲ੍ਹਾ ਜੰਗਲਾਤ ਅਫ਼ਸਰ ਮਾਨਸਾ, ਹਰਸਿਮਰਨ ਸਿੰਘ ਸੋਢੀ, ਸਹਾਇਕ ਵਾਤਾਵਰਣ ਇੰਜੀਨੀਅਰ, ਪੀ.ਪੀ.ਸੀ.ਬੀ., ਸੁਖਦੇਵ ਸਿੰਘ, ਰੇਂਜ ਅਫ਼ਸਰ, ਮਾਨਸਾ, ਹਰਜੀਤ ਸਿੰਘ, ਰੇਂਜ ਅਫ਼ਸਰ ਮਾਨਸਾ, ਜਗਨੰਦਨ ਸਿੰਘ ਬਲਾਕ ਅਫ਼ਸਰ, ਮਾਨਸਾ ਅਤੇ ਸਮੁੱਚੀ ਜੰਗਲਾਤ ਟੀਮ ਨੇ ਇਸ ਮੁਹਿੰਮ ਨੂੰ ਚਲਾਉਣ ਲਈ ਵਿਗਿਆਨਕ ਆਧਾਰ ਨੂੰ ਯਕੀਨੀ ਬਣਾਇਆ ਹੈ।

ਇਸ ਪਹਿਲਕਦਮੀ 'ਤੇ ਟਿੱਪਣੀ ਕਰਦੇ ਹੋਏ ਪਵਨ ਸ੍ਰੀਧਰ, ਡੀ.ਐੱਫ.ਓ. ਮਾਨਸਾ ਨੇ ਕਿਹਾ, ਟੀ.ਐੱਸ.ਪੀ.ਐੱਲ. ਅਤੇ ਜੰਗਲਾਤ ਵਿਭਾਗ ਵਿਚਕਾਰ ਸਹਿਯੋਗ ਉਸ ਕਿਸਮ ਦੀ ਜਨਤਕ-ਨਿੱਜੀ ਸਾਂਝੇਦਾਰੀ ਦੀ ਮਿਸਾਲ ਦਿੰਦਾ ਹੈ ਜੋ ਵਾਤਾਵਰਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਜ਼ਰੂਰੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮੁਹਾਰਤ ਨਾਲ ਅਸੀਂ ਮਾਰਗਦਰਸ਼ਨ ਕਰ ਰਹੇ ਹਾਂ। ਪੰਕਜ ਸ਼ਰਮਾ, ਟੀ.ਐੱਸ.ਪੀ.ਐੱਲ. ਦੇ ਮੁੱਖ ਸੰਚਾਲਨ ਅਧਿਕਾਰੀ (ਸੀ.ਓ.ਓ.) ਨੇ ਟਿਕਾਊ ਅਭਿਆਸਾਂ ਪ੍ਰਤੀ ਕੰਪਨੀ ਦੀ ਵਚਨਬੱਧਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਵਾਤਾਵਰਣ ਸਥਿਰਤਾ 'ਤੇ ਸਾਡਾ ਧਿਆਨ ਸਾਡੇ ਲੋਕਾਚਾਰ ਦਾ ਮੁੱਖ ਹਿੱਸਾ ਹੈ ਅਤੇ ਇਹ ਵੱਡੇ ਪੱਧਰ 'ਤੇ ਪੌਦੇ ਲਗਾ

ਮੁੱਖ ਮੰਤਰੀ ਦੀ ਅਗਵਾਈ ਵਿੱਚ ਵਜ਼ਾਰਤ ਵੱਲੋਂ 16ਵੀਂ ਪੰਜਾਬ ਵਿਧਾਨ ਸਭਾ ਦਾ ਸੱਤਵਾਂ ਸੈਸ਼ਨ 2 ਤੋਂ 4 ਸਤੰਬਰ ਤੱਕ ਸੱਦਣ ਦੀ ਪ੍ਰਵਾਨਗੀ

ਚੰਡੀਗੜ੍ਹ, 18 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ 16ਵੀਂ ਪੰਜਾਬ ਵਿਧਾਨ ਸਭਾ ਦਾ ਸੱਤਵਾਂ ਸੈਸ਼ਨ 2 ਤੋਂ 4 ਸਤੰਬਰ ਤੱਕ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ। ਇੱਥੇ ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਫੈਸਲਾ ਅੱਜ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੀ ਅਧਿਕਾਰਕ ਰਿਹਾਇਸ਼ ਉਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਵਿਧਾਨ ਸਭਾ ਸੈਸ਼ਨ ਦੀ ਸ਼ੁਰੂਆਤ 2 ਸਤੰਬਰ ਨੂੰ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਵੇਗੀ ਅਤੇ ਬਾਕੀ ਤਿੰਨ ਦਿਨਾਂ ਕੰਮਕਾਜ ਦਾ ਫੈਸਲਾ ਬਿਜ਼ਨਸ ਐਡਵਾਈਜ਼ਰੀ ਕਮੇਟੀ ਵੱਲੋਂ ਜਲਦੀ ਕੀਤਾ ਜਾਵੇਗਾ।

ਐਨ.ਓ.ਸੀ. ਦੀ ਸ਼ਰਤ ਨੂੰ ਸਿਧਾਂਤਕ ਤੌਰ ਉਤੇ ਖ਼ਤਮ ਕਰਨ ਨੂੰ ਹਰੀ ਝੰਡੀ

ਮੰਤਰੀ ਮੰਡਲ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਦੀ ਸ਼ਰਤ ਨੂੰ ਸਿਧਾਂਤਕ ਤੌਰ ਉਤੇ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ। ਇਸ ਮਾਮਲੇ ਨੂੰ ਜਲਦੀ ਹੋਣ ਵਾਲੀ ਕੈਬਨਿਟ ਦੀ ਅਗਲੀ ਮੀਟਿੰਗ ਵਿੱਚ ਲਿਆਂਦਾ ਜਾਵੇਗਾ। ਇਸ ਫੈਸਲੇ ਦਾ ਇਕੋ-ਇਕ ਮੰਤਵ ਆਮ ਜਨਤਾ ਨੂੰ ਸਹੂਲਤ ਦੇਣਾ ਹੈ ਕਿਉਂਕਿ ਗੈਰ ਕਾਨੂੰਨੀ ਕਾਲੋਨਾਈਜ਼ਰ ਸਬਜ਼ਬਾਗ ਦਿਖਾ ਕੇ ਲੋਕਾਂ ਨੂੰ ਲੁੱਟਦੇ ਹਨ ਅਤੇ ਉਨ੍ਹਾਂ ਨੂੰ ਬਿਨਾਂ ਪ੍ਰਵਾਨਗੀ ਵਾਲੀਆਂ ਕਲੋਨੀਆਂ ਵੇਚ ਦਿੰਦੇ ਹਨ। ਬਾਅਦ ਵਿੱਚ ਇਨ੍ਹਾਂ ਕਾਲੋਨੀਆਂ ਵਿੱਚ ਰਹਿੰਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਲਈ ਇੱਧਰ-ਉੱਧਰ ਭਟਕਣਾ ਪੈਂਦਾ ਹੈ।

ਪੰਜਾਬ ਫਾਇਰ ਸੇਫ਼ਟੀ ਤੇ ਐਮਰਜੈਂਸੀ ਸੇਵਾਵਾਂ ਬਿੱਲ, 2024 ਨੂੰ ਪ੍ਰਵਾਨਗੀ

ਮੰਤਰੀ ਮੰਡਲ ਨੇ ਪੰਜਾਬ ਫਾਇਰ ਸੇਫ਼ਟੀ ਤੇ ਐਮਰਜੈਂਸੀ ਸੇਵਾਵਾਂ ਬਿੱਲ, 2024 ਨੂੰ ਵੀ ਮਨਜ਼ੂਰੀ ਦੇ ਦਿੱਤੀ। 2012 ਦੇ ਬਣੇ ਇਸ ਐਕਟ ਵਿੱਚ ਸੋਧ ਦੀ ਲੋੜ ਸੀ ਕਿਉਂਕਿ ਇਹ ਐਕਟ ਮੌਜੂਦਾ ਸੰਦਰਭ ਵਿੱਚ ਅੱਗ ਬੁਝਾਉਣ ਨਾਲ ਸਬੰਧਤ ਕੰਮ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਸੀ। ਇਸ ਤਜਵੀਜ਼ਤ ਬਿੱਲ ਦੇ ਕਾਨੂੰਨ ਬਣਨ ਮਗਰੋਂ ਪੰਜਾਬ ਵਿੱਚ ਇਮਾਰਤਾਂ ਦੇ ਮਾਲਕਾਂ ਤੇ ਕਾਬਜ਼ਧਾਰਕਾਂ ਨੂੰ ਵੱਡੀ ਰਾਹਤ ਮਿਲੇਗੀ ਕਿਉਂਕਿ ਉਨ੍ਹਾਂ ਨੂੰ ਸਾਲਾਨਾ ਫਾਇਰ ਸੇਫ਼ਟੀ ਸਰਟੀਫਿਕੇਟ ਲੈਣ ਦੀ ਥਾਂ ਹੁਣ ਤਿੰਨ ਸਾਲਾਂ ਮਗਰੋਂ ਸਰਟੀਫਿਕੇਟ ਲੈਣਾ ਪਵੇਗਾ।

ਇਸ ਸਬੰਧੀ ਕੇਸਾਂ ਨਾਲ ਇਮਾਰਤਾਂ ਦੀ ਘੱਟ, ਦਰਮਿਆਨੇ ਤੇ ਜ਼ਿਆਦਾ ਜ਼ੋਖ਼ਿਮ ਵਾਲੀਆਂ ਸ਼੍ਰੇਣੀਆਂ ਮੁਤਾਬਕ ਵੰਡ ਕੀਤੀ ਜਾਵੇਗੀ। ਇਸ ਬਿੱਲ ਵਿੱਚ ਅੱਗ ਦੇ ਜ਼ੋਖ਼ਿਮ ਤੇ ਹੋਰ ਖ਼ਤਰਿਆਂ ਵਿਰੁੱਧ ਲੋਕਾਂ ਦੇ ਬੀਮੇ ਦੀ ਵੀ ਤਜਵੀਜ਼ ਹੋਵੇਗੀ। ਇਹ ਬਿੱਲ ਫਾਇਰ ਬ੍ਰਿਗੇਡ ਵਿਭਾਗ ਦੇ ਕੰਮਕਾਜ ਵਿੱਚ ਵਧੇਰੇ ਕਾਰਜਕੁਸ਼ਲਤਾ ਲਿਆਵੇਗਾ ਅਤੇ ਪੰਜਾਬ ਵਿੱਚ ਸ਼ਹਿਰੀ ਦੇ ਨਾਲ-ਨਾਲ ਪੇਂਡੂ ਇਲਾਕਿਆਂ ਵਿੱਚ ਵਧੀਆ ਤਰੀਕੇ ਨਾਲ ਫਾਇਰ ਬ੍ਰਿਗੇਡ ਤੇ ਐਮਰਜੈਂਸੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਮਦਦਗਾਰ ਹੋਵੇਗਾ।

ਸੱਤ ਗ੍ਰਾਮ ਨਿਆਲਿਆ ਵਿੱਚ 49 ਆਸਾਮੀਆਂ ਸਿਰਜਣ ਦਾ ਫੈਸਲਾ

ਕੈਬਨਿਟ ਨੇ ਸੱਤ ਗ੍ਰਾਮ ਨਿਆਲਿਆ ਪਾਂਤੜਾ (ਪਟਿਆਲਾ), ਤਪਾ (ਬਰਨਾਲਾ), ਬੱਸੀ ਪਠਾਣਾਂ (ਫਤਹਿਗੜ੍ਹ ਸਾਹਿਬ), ਡੇਰਾ ਬਾਬਾ ਨਾਨਕ (ਗੁਰਦਾਸਪੁਰ), ਧਾਰ ਕਲਾਂ (ਪਠਾਨਕੋਟ), ਰਾਏਕੋਟ (ਲੁਧਿਆਣਾ) ਅਤੇ ਚਮਕੌਰ ਸਾਹਿਬ (ਰੂਪਨਗਰ) ਲਈ 49 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਗ੍ਰਾਮ ਨਿਆਲਿਆ ਸਥਾਪਤ ਕਰਨ ਦਾ ਮੰਤਵ ਦੇਸ਼ ਦੇ ਹਰੇਕ ਨਾਗਰਿਕ ਦੀ ਨਿਆਂ ਤੱਕ ਆਸਾਨ ਪਹੁੰਚ ਯਕੀਨੀ ਬਣਾਉਣਾ ਹੈ। ਹੋਰ ਨਵੇਂ ਸਥਾਪਤ ਹੋਣ ਵਾਲੇ ਗ੍ਰਾਮ ਨਿਆਲਿਆ ਲੋਕਾਂ ਨੂੰ ਘਰਾਂ ਨੇੜੇ ਕਿਫ਼ਾਇਤੀ ਦਰਾਂ ਉੱਤੇ ਇਨਸਾਫ਼ ਯਕੀਨੀ ਬਣਾਉਣ ਦੇ ਨਾਲ-ਨਾਲ ਅਦਾਲਤਾਂ ਤੋਂ ਕੰਮ ਦੇ ਬੋਝ ਨੂੰ ਵੀ ਘਟਾਉਣਗੇ।

ਪੰਜਾਬ ਵਿੱਚ ਰਜਿਸਟਰਡ ਟੂਰਿਸਟ ਵਾਹਨਾਂ ਉਤੇ ਮੋਟਰ ਵਾਹਨ ਟੈਕਸ ਘਟਾਇਆ

ਮੰਤਰੀ ਮੰਡਲ ਨੇ ਪੰਜਾਬ ਵਿੱਚ ਰਜਿਸਟਰਡ ਟੂਰਿਸਟ ਵਾਹਨਾਂ ਉਤੇ ਮੋਟਰ ਵਾਹਨ ਟੈਕਸ ਵੀ ਘਟਾ ਦਿੱਤਾ। ਗੁਆਂਢੀ ਸੂਬਿਆਂ ਦੇ ਮੁਕਾਬਲੇ ਪੰਜਾਬ ਵਿੱਚ ਰਜਿਸਟਰਡ ਵਾਹਨਾਂ ਉਤੇ ਪਹਿਲਾਂ ਕਾਫ਼ੀ ਜ਼ਿਆਦਾ ਟੈਕਸ ਲੱਗਦਾ ਸੀ, ਜਿਸ ਕਾਰਨ ਪੰਜਾਬ ਵਿੱਚ ਟੂਰਿਸਟ ਵਾਹਨਾਂ ਦੀ ਰਜਿਸਟਰੇਸ਼ਨ ਬਹੁਤ ਘੱਟ ਹੁੰਦੀ ਸੀ ਪਰ ਹੁਣ ਇਸ ਕਦਮ ਨਾਲ ਇਸ ਰੁਝਾਨ ਨੂੰ ਠੱਲ੍ਹ ਪਵੇਗੀ ਅਤੇ ਸੂਬੇ ਦਾ ਮਾਲੀਆ ਵਧੇਗਾ। ਕੈਬਨਿਟ ਨੇ ਲਗਜ਼ਰੀ ਵਾਹਨਾਂ ਦੀ ਇਕ ਹੋਰ ਸ਼੍ਰੇਣੀ ਉਤੇ ਵਾਧੂ ਰੋਡ ਟੈਕਸ ਲਾਉਣ ਦੀ ਵੀ ਸਹਿਮਤੀ ਦਿੱਤੀ, ਜਿਸ ਨਾਲ 87.03 ਕਰੋੜ ਰੁਪਏ ਦੀ ਜ਼ਿਆਦਾ ਆਮਦਨ ਹੋਵੇਗੀ। ਕੈਬਨਿਟ ਨੇ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਲਈ ਪੰਜਾਬ ਵਿੱਚ ਰਜਿਸਟਰਡ ਪੁਰਾਣੇ ਟਰਾਂਸਪੋਰਟ/ਗ਼ੈਰ ਟਰਾਂਸਪੋਰਟ ਵਾਹਨਾਂ ਉਤੇ ਗਰੀਨ ਟੈਕਸ ਲਾਉਣ ਦਾ ਵੀ ਫੈਸਲਾ ਕੀਤਾ ਹੈ।

ਪੰਜਾਬ ਪਾਰਟਨਰਸ਼ਿਪ (ਰਜਿਸਟਰੇਸ਼ਨ ਆਫ਼ ਫਰਮਜ਼) ਨਿਯਮ, 1932 ਵਿੱਚ ਸੋਧ ਨੂੰ ਮਨਜ਼ੂਰੀ

ਕੈਬਨਿਟ ਨੇ ਪੰਜਾਬ ਸਰਕਾਰ ਦੇ ਗਜ਼ਟ ਵਿੱਚ 12 ਜੁਲਾਈ 2022 ਨੂੰ ਪ੍ਰਕਾਸ਼ਤ ਇੰਡੀਅਨ ਪਾਰਟਨਰਸ਼ਿਪ ਐਕਟ (ਪੰਜਾਬ ਸੋਧ) ਐਕਟ 2021 ਅਧੀਨ 1932 ਦੇ ਐਕਟ ਵਿੱਚ ਕੀਤੀਆਂ ਸੋਧਾਂ ਦੀ ਤਰਜ਼ ਉਤੇ ਭਾਰਤੀ ਪਾਰਟਨਰਸ਼ਿਪ ਐਕਟ, 1932 ਦੀ ਧਾਰਾ 71(1) ਅਧੀਨ ਸ਼ਡਿਊਲ-1 ਵਿੱਚ ਸ਼ਾਮਲ ਸੇਵਾਵਾਂ ਲਈ ਸੋਧੀਆਂ ਫੀਸਾਂ ਲਾਗੂ ਕਰਨ ਵਾਸਤੇ ਪੰਜਾਬ ਪਾਰਟਰਸ਼ਿਪ (ਰਜਿਸਟਰੇਸ਼ਨ ਆਫ਼ ਫਰਮਜ਼) ਨਿਯਮ 1932 ਵਿੱਚ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਪੰਜਾਬ ਪਾਰਟਨਰਸ਼ਿਪ (ਰਜਿਸਟਰੇਸ਼ਨ ਆਫ਼ ਫਰਮਜ਼) ਨਿਯਮ 1932 ਦੇ ਨਿਯਮ 11(ੲੇ) ਵਿੱਚ ਇਹ ਸੋਧਾਂ ਪੰਜਾਬ ਵਿੱਚ ਸੋਧੀਆਂ ਫੀਸਾਂ ਲਾਗੂ ਕਰਨ ਦਾ ਰਾਹ ਪੱਧਰਾ ਕਰਨਗੀਆਂ।

ਯੁਵਕ ਸੇਵਾਵਾਂ ਨੀਤੀ 2024 ਨੂੰ ਸਹਿਮਤੀ

ਮੰਤਰੀ ਮੰਡਲ ਨੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਨੌਜਵਾਨਾਂ ਦੀ ਭਲਾਈ ਲਈ ਤਿਆਰ ਕੀਤੀ ਯੁਵਕ ਸੇਵਾਵਾਂ ਨੀਤੀ-2024 ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਨੀਤੀ ਦਾ ਉਦੇਸ਼ ਜਿੱਥੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਹੈ, ਉਥੇ ਹੀ ਉਨ੍ਹਾਂ ਦੀ ਅਥਾਹ ਊਰਜਾ ਨੂੰ ਸਾਕਾਰਤਮਕ ਦਿਸ਼ਾ ਵਿੱਚ ਲਾਉਣਾ ਹੈ। ਇਹ ਨੀਤੀ ਨੌਜਵਾਨਾਂ ਨੂੰ ਸਮਾਜਿਕ ਭਲਾਈ ਗਤੀਵਿਧੀਆਂ ਦੇ ਨਾਲ-ਨਾਲ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਲਈ ਸਹਾਈ ਹੋਵੇਗੀ। ਇਹ ਨੀਤੀ ਨੌਜਵਾਨਾਂ ਨੂੰ ਖੇਡਾਂ, ਸੱਭਿਆਚਾਰਕ ਸਰਗਰਮੀਆਂ ਦੇ ਨੇਕ ਕਾਰਜ ਲਈ ਉਤਸ਼ਾਹਤ ਕਰੇਗੀ।

ਸਪੋਰਟਸ ਰੈਗੂਲਰ ਕਾਡਰ ਸਰਵਿਸ ਵਿੱਚ ਸੋਧ ਦਾ ਫੈਸਲਾ

ਮੰਤਰੀ ਮੰਡਲ ਨੇ ਖੇਡ ਵਿਭਾਗ ਦੇ 'ਦਾ ਆਊਟਸਟੈਂਡਿਗ ਸਪੋਰਟਸ ਪਰਸਨਜ਼ ਸਰਵਿਸ ਰੂਲਜ਼' ਤਿਆਰ ਕਰਕੇ ਇਸ ਰਾਹੀਂ ਸਪੋਰਟਸ ਰੈਗੂਲਰ ਕਾਡਰ ਸਰਵਿਸ ਰੂਲਜ਼ ਵਿੱਚ ਸੋਧ ਕਰਨ ਦੀ ਮਨਜ਼ੂਰੀ ਦਿੱਤੀ ਹੈ। ਇਹ ਫੈਸਲਾ ਖੇਡ ਵਿਭਾਗ ਵਿੱਚ ਸ਼ਾਨਦਾਰ ਖੇਡ ਪ੍ਰਤਿਭਾ ਵਾਲੇ ਖਿਡਾਰੀਆਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰੇਗਾ। ਇਸੇ ਤਰ੍ਹਾਂ ਮੰਤਰੀ ਮੰਡਲ ਨੇ ਖਿਡਾਰੀਆਂ ਨੂੰ ਮੈਡੀਕਲ ਸਹਾਇਤਾ ਪ੍ਰਦਾਨ ਕਰਨ ਲਈ 'ਪੰਜਾਬ ਸਪੋਰਟਸ ਮੈਡੀਕਲ ਕਾਡਰ ਸਰਵਿਸ ਰੂਲਜ਼' ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਗੈਰ-ਜੰਗਲਾਤ ਵਾਲੀ ਸਰਕਾਰੀ ਤੇ ਜਨਤਕ ਜ਼ਮੀਨ-2024 ਲਈ ਰੁੱਖ ਸੰਭਾਲ ਨੀਤੀ ਨੂੰ ਹਰੀ ਝੰਡੀ

ਮੰਤਰੀ ਮੰਡਲ ਨੇ ਗੈਰ-ਜੰਗਲਾਤ ਵਾਲੀ ਸਰਕਾਰੀ ਤੇ ਜਨਤਕ ਜ਼ਮੀਨ-2024 ਲਈ ਰੁੱਖ ਸੰਭਾਲ ਨੀਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾਹੈ ਜਿਸ ਦਾ 83 ਫੀਸਦੀ ਖੇਤਰ ਖੇਤੀ ਹੇਠ ਹੈ। ਪੰਜਾਬ ਵਿੱਚ ਜੰਗਲਾਤ ਅਤੇ ਰੁੱਖਾਂ ਹੇਠ ਕੁੱਲ 5.92 ਫੀਸਦੀ ਇਲਾਕਾ ਹੈ ਅਤੇ ਪੰਜਾਬ ਸਰਕਾਰ ਨੇ ਸਾਲ 2030 ਤੱਕ ਇਹ ਰਕਬਾ ਵਧਾ ਕੇ 7.5 ਫੀਸਦੀ ਕਰਨ ਦਾ ਟੀਚਾ ਮਿੱਥਿਆ ਹੈ। ਇਸ ਨੀਤੀ ਦਾ ਮੁੱਖ ਉਦੇਸ਼ ਗੈਰ-ਜੰਗਲਾਤ ਵਾਲੀ ਸਰਕਾਰ ਅਤੇ ਜਨਤਕ ਜ਼ਮੀਨ ਵਿੱਚ ਖੜ੍ਹੇ ਰੁੱਖਾਂ ਨੂੰ ਢੁਕਵੀਂ ਸੁਰੱਖਿਆ ਪ੍ਰਦਾਨ ਕਰਨਾ ਹੈ ਅਤੇ ਬੂਟੇ ਲਾ ਕੇ ਵਾਤਾਵਰਣ ਦੇ ਨੁਕਸਾਨ ਦੀ ਭਰਪਾਈ ਲਈ ਢੁਕਵੀਂ ਵਿਵਸਥਾ ਮੁਹੱਈਆ ਕਰਨਾ ਹੈ।

ਇਸ ਨੀਤੀ ਮੁਤਾਬਕ ਸਬੰਧਤ ਵਿਭਾਗ ਆਪਣੀ ਜ਼ਮੀਨ ਵਿੱਚ ਖੜ੍ਹੇ ਰੁੱਖਾਂ ਦਾ ਅੰਕੜਾ ਤਿਆਰ ਕਰੇਗਾ ਅਤੇ ਇਨ੍ਹਾਂ ਨੂੰ ਬਚਾਉਣ ਲਈ ਆਨਲਾਈਨ ਪੋਰਟਲ/ਮੋਬਾਈਲ ਐਪ ਰਾਹੀਂ ਦਸਤਾਵੇਜ਼ੀ ਰੱਖਿਆ ਜਾਵੇਗਾ। ਇਹ ਨੀਤੀ ਸੂਬਾ ਸਰਕਾਰ ਦੇ ਵਿਭਾਗਾਂ, ਸਾਰੀਆਂ ਸਰਕਾਰੀ ਸੰਸਥਾਵਾਂ, ਸਥਾਨਕ ਸਰਕਾਰਾਂ ਅਤੇ ਪੰਚਾਇਤੀ ਜ਼ਮੀਨ ਵਿੱਚ ਗੈਰ-ਜੰਗਲਾਤ ਵਾਲੀ ਸਾਰੀ ਜ਼ਮੀਨ ਉਤੇ ਲਾਗੂ ਰਹੇਗੀ।

ਇਸ ਫੈਸਲੇ ਮੁਤਾਬਕ ਰੁੱਖਾਂ ਨੂੰ ਵੱਢਣ ਜਾਂ ਨਵੇਂ ਬੂਟੇ ਲਾਉਣ ਬਾਰੇ ਫੈਸਲਾ ਇਸ ਸਬੰਧੀ ਸਬ-ਡਵੀਜ਼ਨ/ਜ਼ਿਲ੍ਹਾ ਅਤੇ ਸੂਬਾ ਪੱਧਰ ਉਤੇ ਬਣੀਆਂ ਕਮੇਟੀਆਂ ਵੱਲੋਂ ਲਿਆ ਜਾਵੇਗਾ। ਇਸ ਨੀਤੀ ਨਾਲ ਬੂਟਿਆਂ ਤੋਂ ਕੁਝ ਮਾਲੀਆ ਵੀ ਪੈਦਾ ਹੋਵੇਗਾ ਅਤੇ ਸੂਬੇ ਭਰ ਵਿੱਚ ਖਾਸ ਕਰਕੇ ਸ਼ਹਿਰੀ ਖੇਤਰਾਂ ਵਿੱਚ ਹਰਿਆਲੀ ਨੂੰ ਮਹਿਫੂਜ਼ ਰੱਖਣ ਵੀ ਮਦਦ ਹੋਵੇਗੀ।

ਖੇਤੀ ਜੰਗਲਾਤ ਨੂੰ ਉਤਸ਼ਾਹਤ ਕਰਨ ਅਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਪ੍ਰਾਜੈਕਟ ਸ਼ੁਰੂ ਕਰਨ ਦੀ ਵੀ ਪ੍ਰਵਾਨਗੀ

ਕੈਬਨਿਟ ਨੇ ਜਾਪਾਨ ਦੇ ਸਹਿਯੋਗ ਨਾਲ 792.88 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਵਿੱਚ ਖੇਤੀ ਜੰਗਲਾਤ ਨੂੰ ਉਤਸ਼ਾਹਤ ਕਰਨ ਅਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਇਕ ਪ੍ਰਾਜੈਕਟ ਸ਼ੁਰੂ ਕਰਨ ਦੀ ਵੀ ਪ੍ਰਵਾਨਗੀ ਦਿੱਤੀ। ਇਸ ਪ੍ਰਾਜੈਕਟ ਨਾਲ ਪੰਜਾਬ ਵਿੱਚ ਖੇਤੀ ਜੰਗਲਾਤ ਅਧੀਨ ਰੁੱਖਾਂ ਹੇਠ ਰਕਬਾ ਵਧਾਉਣ, ਜ਼ਮੀਨੀ ਪਾਣੀ ਬਚਾਉਣ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪਰਾਲੀ ਫੂਕਣ ਨਾਲ ਹੋਣ ਵਾਲੇ ਹਵਾ ਦੇ ਪ੍ਰਦੂਸ਼ਣ ਘਟਾਉਣ, ਸ਼ਿਵਾਲਿਕ ਖਿੱਤੇ ਵਿੱਚ ਜਲ ਸਰੋਤਾਂ ਦੇ ਬਿਹਤਰ ਏਕੀਕ੍ਰਿਤ ਪ੍ਰਬੰਧਨ, ਸੂਬੇ ਵਿੱਚ ਜਲਗਾਹਾਂ ਵਿੱਚ ਸੁਧਾਰ ਅਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਤੇ ਈਕੋ-ਟੂਰਿਜ਼ਮ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਮਿਲੇਗੀ। ਇਸ ਪ੍ਰਾਜੈਕਟ ਦੀ ਵਿਸਤਾਰਤ ਰਿਪੋਰਟ ਭਾਰਤ ਸਰਕਾਰ, ਵਾਤਾਵਰਨ ਮੰਤਰਾਲੇ, ਜਾਪਾਨ ਇੰਟਰਨੈਸ਼ਨਲ ਕੋਆਪ੍ਰੇਸ਼ਨ ਏਜੰਸੀ (ਜੇ.ਆਈ.ਸੀ.ਏ.) ਅਤੇ ਪੰਜਾਬ ਦੇ ਜੰਗਲਾਤ ਵਿਭਾਗ ਵੱਲੋਂ ਤਿਆਰ ਕੀਤੀ ਜਾਵੇਗੀ। ਇਹ ਪ੍ਰਾਜੈਕਟ 2025-26 ਤੋਂ ਪੰਜ ਸਾਲਾਂ ਲਈ ਲਾਗੂ ਕੀਤਾ ਜਾਵੇਗਾ।

ਕੈਬਨਿਟ ਨੇ ਨੋਟੀਫਾਈਡ ਕੁਦਰਤੀ ਆਫ਼ਤਾਂ ਦੀ ਸੂਰਤ ਵਿੱਚ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਲਈ ਐਸ.ਡੀ.ਆਰ.ਐਫ. ਅਤੇ ਸੂਬਾਈ ਬਜਟ ਵਿੱਚੋਂ ਸਾਂਝੇ ਤੌਰ ਉਤੇ ਇਕ ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕਰਨ ਲਈ ਸਮਰੱਥ ਅਥਾਰਟੀ ਵਜੋਂ ਸਟੇਟ ਐਗਜ਼ੀਕਿਊਟਿਵ ਕਮੇਟੀ ਨੂੰ ਨਾਮਜ਼ਦ ਕਰਨ ਦੀ ਮਨਜ਼ੂਰੀ ਵੀ ਦੇ ਦਿੱਤੀ। ਇਸ ਨਾਲ ਕੁਦਰਤੀ ਆਫ਼ਤਾਂ ਕਾਰਨ ਫ਼ਸਲਾਂ ਦੇ ਹੁੰਦੇ ਨੁਕਸਾਨ ਲਈ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਮੁਹੱਈਆ ਕਰਵਾਇਆ ਜਾ ਸਕੇਗਾ। ਮੌਜੂਦਾ ਸਮੇਂ ਸੂਬਾਈ ਬਜਟ ਵਿੱਚੋਂ ਮੁਆਵਜ਼ਾ ਵੱਖਰੇ ਤੌਰ ਉਤੇ ਦਿੱਤਾ ਜਾਂਦਾ ਹੈ ਪਰ ਇਸ ਕਦਮ ਦਾ ਮੰਤਵ ਪ੍ਰਭਾਵਿਤ ਕਿਸਾਨਾਂ ਨੂੰ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ (ਐਸ.ਡੀ.ਆਰ.ਐਫ.) ਤੇ ਸੂਬਾਈ ਬਜਟ ਵਿੱਚੋਂ ਸਾਂਝੇ ਤੌਰ ਉਤੇ ਸਮਾਂਬੱਧ ਤਰੀਕੇ ਨਾਲ ਮੁਆਵਜ਼ਾ ਮੁਹੱਈਆ ਕਰਵਾਉਣ ਵਿੱਚ ਕੋਈ ਦਿੱਕਤ ਨਹੀਂ ਆਵੇਗੀ।

ਦਿਵਿਆਂਗ ਬੱਚਿਆਂ ਲਈ ਪੰਜਾਬ ਰਾਜ ਸਿੱਖਿਆ ਨੀਤੀ ਨੂੰ ਮਨਜ਼ੂਰੀ

ਮੰਤਰੀ ਮੰਡਲ ਨੇ ਦਿਵਿਆਂਗ ਬੱਚਿਆਂ ਲਈ ਪੰਜਾਬ ਰਾਜ ਸਿੱਖਿਆ ਨੀਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਕਿ ਯੂਨਾਈਟਿਡ ਨੇਸ਼ਨ ਕਨਵੈਨਸ਼ਨ ਆਨ ਰਾਈਟਸ ਆਫ ਪਰਸਨਜ਼ ਵਿਦ ਡਿਸਏਬਿਲਟੀ ਦਾ ਉਦੇਸ਼ ਪੂਰਾ ਕੀਤਾ ਜਾ ਸਕੇ ਅਤੇ 'ਦਾ ਰਾਈਟ ਆਫ ਪਰਸਨ ਵਿਦ ਡਿਏਬਿਲਟੀਜ਼ ਐਕਟ-2016' ਨੂੰ ਲਾਗੂ ਕੀਤਾ ਜਾ ਸਕੇ। ਇਹ ਨੀਤੀ ਸੰਪੂਰਨ ਸਿੱਖਿਆ ਅਤੇ ਵਿਆਪਕ ਵਿਕਾਸ ਲਈ ਸਹਾਈ ਹੋਵੇਗੀ ਤਾਂ ਜੋ ਦਿਵਿਆਂਗ ਬੱਚਿਆਂ ਨੂੰ ਹੋਰ ਵਧੇਰੇ ਮੌਕੇ ਮਿਲ ਸਕਣ ਅਤੇ ਸੰਪੂਰਨ ਸਿੱਖਿਆ ਹਾਸਲ ਹੋ ਸਕੇ।

ਇਸ ਤੋਂ ਇਲਾਵਾ ਇਸ ਨੀਤੀ ਨਾਲ ਇਨ੍ਹਾਂ ਬੱਚਿਆਂ ਨੂੰ ਹਰੇਕ ਖੇਤਰ ਵਿੱਚ ਸਵੈ-ਵਿਕਾਸ ਦੀਆਂ ਗਤੀਵਿਧੀਆਂ ਦੇ ਨਾਲ-ਨਾਲ ਸਮਾਜਿਕ-ਆਰਥਿਕ ਭਾਈਵਾਲੀ ਦੇ ਹੱਕ ਵੀ ਹਾਸਲ ਹੋਣਗੇ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸੁਖਵਿੰਦਰ ਸਿੰਘ ਸੁੱਖੀ 'ਆਪ' 'ਚ ਸ਼ਾਮਲ

ਚੰਡੀਗੜ੍ਹ, 18 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵਿਧਾਨ ਸਭਾ ਹਲਕਾ ਬੰਗਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਡਾ. ਸੁਖਵਿੰਦਰ ਸਿ

ਸੂਰਜ ਦੇ ਵਿਹੜੇ ਦੇ ਆਖ਼ਰੀ ਸਿਰੇ ਦੀ ਛਾਣ-ਬੀਣ



ਸਾਡੇ ਸੂਰਜ ਪਰਿਵਾਰ ਦੇ ਸਾਂਝੇ ਵਿਹੜੇ ਵਿੱਚ ਧਰਤੀ ਦੇ ਵੱਡੇ ਨਿੱਕੇ ਭਾਈਬੰਦਾਂ ਵਿੱਚ ਬ੍ਰਹਿਸਪਤੀ, ਸ਼ਨੀ, ਯੂਰੇਨਸ, ਨੈਪਚੂਨ ਤੇ ਪਲੂਟੋ ਦੂਰ ਤਕ ਆਪਣੇ ਪਰਿਵਾਰਾਂ ਸਮੇਤ ਸਜੇ ਹੋਏ ਹਨ। ਉਹ ਆਪ ਹਨ, ਉਨ੍ਹਾਂ ਦੇ ਉਪਗ੍ਰਹਿ ਯਾਨੀ ਚੰਨ ਹਨ। ਸਭ ਤੋਂ ਦੁਰੇਡਾ ਪਰਿਵਾਰ ਪਲੂਟੋ ਦਾ ਹੈ ਜੋ ਸੂਰਜ ਪਰਿਵਾਰ ਦਾ ਸਾਡਾ ਨੌਵਾਂ ਸਾਥੀ ਸੀ। ਸਭ ਤੋਂ ਦੁਰੇਡਾ ਗ੍ਰਹਿ। ਦੋ ਸਾਲ ਪਹਿਲਾਂ ਯਾਨੀ ਇਸ ਦੇ ਲੱਭਣ ਤੋਂ ਪਚਾਸੀ ਸਾਲ ਪਿੱਛੋਂ ਇਸ ਉੱਤੇ ਧਰਤੀ ਵਾਲਿਆਂ ਨੇ ਨੇੜਿਓਂ ਝਾਤੀ ਮਾਰੀ। ਅੱਠ ਨੌਂ ਸਾਲ ਪਹਿਲਾਂ ਇਸ ਵਿਚਾਰੇ ਨੂੰ ਬੌਣਾ ਕਹਿ ਕੇ ਇਸ ਪਰਿਵਾਰ ਵਿੱਚੋਂ ਜਿਵੇਂ ਛੇਕ ਹੀ ਦਿੱਤਾ ਗਿਆ। ਪਲੈਨੈੱਟ ਦੀ ਥਾਂ ਇਸ ਨੂੰ ਡਵਾਰਫ ਪਲੈਨੈੱਟ ਦਾ ਨਾਂ ਦਿੱਤਾ ਗਿਆ। 14 ਜੁਲਾਈ 2015 ਨੂੰ ਨਿਊ ਹੋਰਾਈਜ਼ਨਜ਼ ਨਾਂ ਦਾ ਪੁਲਾੜੀ ਜਹਾਜ਼ ਤੇਜ਼ੀ ਨਾਲ ਇਸ ਦੇ ਨੇੜਿਓਂ ਲੰਘਿਆ। ਇਹ ਦੂਰ ਤੋਂ ਇਸ ਦੀਆਂ ਤਸਵੀਰਾਂ ਪਹਿਲਾਂ ਹੀ ਲੈ ਰਿਹਾ ਸੀ। ਤਿੰਨ ਮਿੰਟ ਵਿੱਚ ਇਸ ਨੇ ਖਾਸੀ ਨੇੜਿਓਂ ਇਸ ਦੀਆਂ ਤਸਵੀਰਾਂ ਲਈਆਂ। ਇਹ ਸੋਲਾਂ ਮਹੀਨੇ ਪਲੂਟੋ ਬਾਰੇ ਭਾਂਤ ਭਾਂਤ ਦੀ ਜਾਣਕਾਰੀ ਸਾਨੂੰ ਭੇਜਦਾ ਰਿਹਾ। ਵਿਹੜੇ ਦੇ ਬਾਹਰ ਕਿਊਪਰ ਪੱਟੀ ਵਿੱਚ ਅਣਗਿਣਤ ਨਿੱਕੇ ਵੱਡੇ ਬਰਫ਼ਾਨੀ ਬੌਣੇ ਤੇ ਪੁਲਾੜੀ ਪਿੰਡ ਪਸਰੇ ਹੋਏ ਹਨ। ਪੁਲਾੜੀ ਜਹਾਜ਼ ਉਨ੍ਹਾਂ ਦੀ ਖੋਜ ਖ਼ਬਰ ਲੈਣ ਲੱਗਿਆ। ਇਸ ਨੂੰ ਇਨ੍ਹਾਂ ਵਿੱਚੋਂ ਕੁਝ ਕੁ ਉੱਤੇ ਵਿਸ਼ੇਸ਼ ਨਜ਼ਰਸਾਨੀ ਦੀਆਂ ਹਦਾਇਤਾਂ ਸਨ। ਇਨ੍ਹਾਂ ਦੀ ਪਾਲਣਾ ਲਈ ਫਰਵਰੀ 2017 ਵਿੱਚ ਇਸ ਦੇ ਰਾਹ ਵਿੱਚ ਸੋਧ ਕੀਤੀ ਗਈ। ਹੁਣ ਇਹ 2020 ਤਕ ਵਿਹੜੇ ਦੇ ਪਾਰ ਕਿਊਪਰ ਬਸਤੀ ਦੀ ਖ਼ਬਰਸਾਰ ਲਵੇਗਾ ਤੇ ਫਿਰ ਇਸ ਤੋਂ ਪਾਰ ਅਸੀਮ ਪੁਲਾੜ ਵਿੱਚ ਜਿੱਥੋਂ ਤਕ ਜਿਉਂਦਾ ਰਿਹਾ ਤੁਰਿਆ ਜਾਵੇਗਾ।

ਨਿਊ ਹੋਰਾਈਜ਼ਨਜ਼ 2006 ਵਿੱਚ ਲਾਂਚ ਕੀਤਾ ਗਿਆ। ਇਸ ਨੇ ਨੌਂ ਸਾਲ ਦੀ ਲੰਮੀ ਯਾਤਰਾ ਪਲੂਟੋ ਨੇੜਿਓਂ 58,000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਸ਼ੂੰ ਕਰਕੇ ਲੰਘਣ ਲਈ ਕੀਤੀ। ਚਾਰ ਅਰਬ ਅੱਸੀ ਕਰੋੜ ਕਿਲੋਮੀਟਰ ਦੂਰ ਦੇ ਧਰਤੀ ਦੇ ਭਰਾ ਨੂੰ ਮਿਲਣਾ ਸੌਖਾ ਨਹੀਂ ਸੀ। ਪਲੂਟੋ ਦੇ ਨਾਲ ਨਾਲ ਇਸ ਦੇ ਚੰਦ ਚੈਰੋਨ ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਇਸ ਤੋਂ ਪਾਰ ਇਹ ਹੁਣ ਡੇਢ ਅਰਬ ਕਿਲੋਮੀਟਰ ਤੋਂ ਵੀ ਵਿਸ਼ਾਲ ਕਿਊਪਰ ਬਸਤੀ ਦੀ ਛਾਣ-ਬੀਣ ਕਰ ਰਿਹਾ ਹੈ। ਪੰਜ ਕੁ ਸਾਲ ਬਾਅਦ ਇਹ ਬਸਤੀ ਛੱਡ ਕੇ ਅਨੰਤ ਪੁਲਾੜ ਗਾਹ ਰਹੇ ਨਾਸਾ ਦੇ ਚਾਰ ਮਹਾਂ ਪੁਲਾੜੀ ਜਹਾਜ਼ਾਂ ਵਿੱਚ ਰਲ ਜਾਵੇਗਾ। ਇਹ ਪਾਇਨੀਅਰ-10, ਪਾਇਨੀਅਰ-11, ਵਾਇਜਰ-1 ਅਤੇ ਵਾਇਜਰ-2 ਹੜ। ਨਿਊ ਹੋਰਾਈਜ਼ਨਜ਼ ਤੋਂ ਸਿਗਨਲ ਸਾਡੇ ਤਕ ਪਹੁੰਚਣ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਲੱਗ ਜਾਂਦੇ ਹਨ। ਪਹੁੰਚਿਆ ਸਿਗਨਲ ਇੰਨਾ ਕਮਜ਼ੋਰ ਹੁੰਦਾ ਹੈ ਕਿ ਨਾਸਾ ਨੂੰ ਆਸਟਰੇਲੀਆ, ਕੈਨੇਡਾ ਤੇ ਸਪੇਨ ਵਿੱਚ ਸਥਾਪਤ 61 ਮੀਟਰ ਚੌੜੀਆਂ ਰੇਡੀਓ ਡਿਸ਼ਾਂ ਵਰਤਣੀਆਂ ਪੈਂਦੀਆਂ ਹਨ। ਇਸ ਤੋਂ ਮਿਲੀ ਜਾਣਕਾਰੀ ਨੇ ਦੱਸਿਆ ਹੈ ਕਿ ਪਲੂਟੋ ਦਾ ਵਿਆਸ 2302 ਕਿਲੋਮੀਟਰ ਨਹੀਂ 2370 ਕਿਲੋਮੀਟਰ ਹੈ। ਇਸ ਨਾਲ ਇਹ ਐਰਿਸ ਤੋਂ ਵੱਡਾ ਸਿੱਧ ਹੋਇਆ। ਪਹਿਲੀ ਜਾਣਕਾਰੀ ਮੁਤਾਬਿਕ ਐਰਿਸ ਇਸ ਤੋਂ ਵੱਡਾ ਸੀ ਅਤੇ ਉਸੇ ਕਰਕੇ ਇਸ ਤੋਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣੇ ਗ੍ਰਹਿ ਦਾ ਨਾਂ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਇਹ ਵੀ ਦੱਸ ਰਹੀ ਹੈ ਕਿ ਪਲੁਟੋ ਦੇ ਵਾਯੂਮੰਡਲ ਦੀ ਨਿਮਨਤਮ ਪਰਤ ਉਸ ਨਾਲੋਂ ਕਿਤੇ ਵੱਧ ਪਤਲੀ ਹੈ ਜਿੰਨੀ ਇਹ ਸਮਝੀ ਜਾਂਦੀ ਸੀ।

1930 ਤਕ ਪਲੂਟੋ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਬਸ ਅਮਰੀਕੀ ਤਾਰਾ ਵਿਗਿਆਨੀ ਪਰਸੀਵਲ ਲਾਵੇਲ ਨੇ 1905 ਵਿੱਚ ਆਪਣੀ ਖੋਜ ਦੇ ਆਧਾਰ ਉੱਤੇ ਇੰਨਾ ਕਹਿ ਕੇ ਗੱਲ ਤੋਰੀ ਕਿ ਨੈਪਚੁਨ ਤੇ ਪਲੂਟੋ ਦੇ ਆਰਬਿਟ ਜਿਵੇਂ ਥਿੜਕਦੇ ਹਨ, ਨੈਪਚੂਨ ਤੋਂ ਪਰ੍ਹਾਂ ਕੋਈ ਗ੍ਰਹਿ ਪ੍ਰਤੀਤ ਹੁੰਦਾ ਹੈ ਜਿਸ ਦੀ ਗੁਰੂਤਾ ਖਿੱਚ ਇਸ ਥਿੜਕਣ ਦੀ ਜ਼ਿੰਮੇਵਾਰ ਹੈ। ਪਰਸੀਵਲ ਲਾਵੇਲ 1915 ਵਿੱਚ ਮਰ ਗਿਆ। 1929 'ਚ ਬਾਈ ਸਾਲ ਦੇ ਇੱਕ ਸ਼ੌਕੀਆ ਤਾਰਾ ਵਿਗਿਆਨੀ ਕਲਾਈਡ ਟਾਮਬਾਗ ਨੇ ਐਰੀਜ਼ੋਨਾ ਦੀ ਲਾਵੇਲ ਔਬਜ਼ਰਵੇਟਰੀ ਦੇ ਸ਼ਕਤੀਸ਼ਾਲੀ ਵਾਈਡ ਫੀਲਡ ਟੈਲੀਸਕੋਪ ਨਾਲ ਆਸਮਾਨ ਦੀ ਛਾਣ-ਬੀਣ ਸ਼ੁਰੂ ਕੀਤੀ। 18 ਫਰਵਰੀ 1930 ਨੂੰ ਉਸ ਨੂੰ ਤਿੰਨ ਤਸਵੀਰਾਂ ਵਿੱਚ ਇੱਕ ਨਵਾਂ ਗ੍ਰਹਿ ਦਿਸਿਆ। ਔਕਸਫੋਰਡ (ਇੰਗਲੈਂਡ) ਦੀ ਗਿਆਰਾਂ ਸਾਲ ਦੀ ਸਕੂਲ ਪੜ੍ਹਦੀ ਕੁੜੀ ਵਨੀਸ਼ੀਆ ਬਰਨੀ ਦੇ ਸੁਝਾਅ ਉੱਤੇ ਨਵੇਂ ਗ੍ਰਹਿ ਦਾ ਨਾਂ ਪਲੂਟੋ ਰੱਖਿਆ ਗਿਆ। ਇਹ ਨਾਂ ਗ੍ਰਹਿਆਂ ਦੇ ਯੂਨਾਨੀ ਮਿਥਿਹਾਸਕ ਨਾਂਵਾਂ ਨਾਲ ਮੇਲ ਵੀ ਖਾਂਦਾ ਸੀ ਅਤੇ ਇਸ ਗ੍ਰਹਿ ਦੀ ਹੋਂਦ ਦੀ ਸੰਭਾਵਨਾ ਦੱਸਣ ਵਾਲੇ ਪਰਸੀਵਲ (ਪੀ) ਲਾਵੇਲ (ਐੱਲ) ਦੇ ਨਾਂ ਦੇ ਪਹਿਲੇ ਦੋ ਵਰਣਾਂ ਨੂੰ ਚੇਤੇ ਕਰਾ ਕੇ ਉਸ ਨੂੰ ਸ਼ਰਧਾਂਜਲੀ ਵੀ ਦਿੰਦਾ ਸੀ।

ਸਾਡਾ ਇਹ ਭਰਾ ਸੂਰਜ ਦੀ ਇੱਕ ਪਰਿਕਰਮਾ 248 ਸਾਲ ਵਿੱਚ ਕਰਦਾ ਹੈ। ਇਸ ਦੌਰਾਨ ਇਸ ਦੀ ਸੂਰਜ ਤੋਂ ਵੱਧ ਤੋਂ ਵੱਧ ਦੂਰੀ ਸੱਤ ਅਰਬ ਚਾਲੀ ਕਰੋੜ ਤੇ ਘੱਟ ਤੋਂ ਘੱਟ ਦੂਰੀ ਚਾਰ ਅਰਬ ਚਾਲੀ ਕਰੋੜ ਕਿਲੋਮੀਟਰ ਹੁੰਦੀ ਹੈ। ਸਾਡੇ ਚੰਦ ਤੋਂ ਵੀ ਛੋਟਾ ਇਹ ਗ੍ਰਹਿ ਪਰਿਕਰਮਾ ਕਰਦੇ ਸਮੇਂ ਸਤਾਰਾਂ ਡਿਗਰੀ ਉੱਤੇ ਝੁਕਿਆ ਰਹਿੰਦਾ ਹੈ। ਸਮਾਂ ਬੀਤਣ ਨਾਲ ਪਤਾ ਲੱਗਿਆ ਕਿ ਆਕਾਰ ਪੱਖੋਂ ਪਲੂਟੋ ਨਾਲ ਮੁਕਾਬਲਾ ਕਰਦੇ ਹੋਰ ਪੁਲਾੜੀ ਪਿੰਡ ਵੀ ਹਨ। ਇਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਤਾਰਾ ਵਿਗਿਆਨੀਆਂ ਵਿੱਚ ਖਾਸਾ ਬਹਿਸ ਮੁਬਾਹਿਸਾ ਹੋਇਆ ਅਤੇ 2006 ਵਿੱਚ ਪਲੂਟੋ ਤੋਂ ਨੌਵੇਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣਾ ਗ੍ਰਹਿ ਬਣਾ ਦਿੱਤਾ ਗਿਆ। ਸੀਅਰਜ਼, ਹਊਮੀਆ, ਮੇਕ ਮੇਕ ਅਤੇ ਐਰਿਸ ਚਾਰ ਹੋਰ ਬੌਣੇ ਗ੍ਰਹਿ ਇਸ ਦੇ ਸਾਥੀ ਬਣੇ। ਇਨ੍ਹਾਂ ਵਿੱਚੋਂ ਸੀਅਰਜ਼ ਐਸਟਰਾਇਡ ਬਸਤੀ ਦਾ ਵਾਸੀ ਹੈ।

ਬਾਕੀ ਤਿੰਨੇ ਨੈਪਚੂਨ ਤੋਂ ਪਰ੍ਹਾਂ ਸੂਰਜੀ ਵਿਹੜੇ ਦੇ ਬਾਸ਼ਿੰਦੇ ਹਨ। ਤਾਰਾ ਵਿਗਿਆਨੀ ਕਹਿੰਦੇ ਹਨ ਕਿ ਸੂਰਜੀ ਵਿਹੜੇ ਤੇ ਇਸ ਨਾਲ ਲੱਗਦੀ ਕਿਊਪਰ ਬਸਤੀ ਵਿੱਚ ਦੋ ਸੌ ਦੇ ਕਰੀਬ ਬੌਣੇ ਗ੍ਰਹਿ ਹਨ।

1979 ਵਿੱਚ ਜੇਮਜ਼ ਕਰਿਸਟੀ ਨੇ ਪਹਿਲਾਂ ਸਿਧਾਂਤਕ ਰੂਪ ਵਿੱਚ ਅਤੇ ਫਿਰ ਸੱਚਮੁੱਚ ਪਲੂਟੋ ਦੇ ਇੱਕ ਚੰਦ ਦੀ ਖੋਜ ਕੀਤੀ। ਉਸ ਨੇ ਆਪਣੀ ਪਤਨੀ ਚਾਰਲੀਨ ਦੇ ਨਾਂ ਉੱਤੇ ਇਸ ਨੂੰ ਚਾਰੋਨ ਦਾ ਨਾਮ ਦਿੱਤਾ। ਬਾਰਾਂ ਸੌ ਕਿਲੋਮੀਟਰ ਵਿਆਸ ਵਾਲਾ ਚਾਰੋਨ, ਪਲੂਟੋ ਤੋਂ ਅੱਧੇ ਨਾਲੋਂ ਵੱਡਾ ਹੈ। ਉਂਜ, ਪਲੂਟੋ ਦੇ ਚਾਰ ਹੋਰ ਨਿੱਕੇ ਆਕਾਰ ਦੇ ਚੰਨ ਵੀ ਹਨ। ਇਹ ਹਨ: ਨਿਕਸ, ਹਾਈਡਰਾ, ਸਟਾਈਕਸ ਤੇ ਕਰਬੀਰਾਸ। ਪਲੂਟੋ ਆਪਣੀ ਧੁਰੀ ਉੱਤੇ ਪੂਰਬ ਤੋਂ ਪੱਛਮ ਵੱਲ ਘੁੰਮਦਿਆਂ ਇੱਕ ਚੱਕਰ ਸਾਡੇ ਹਿਸਾਬ ਨਾਲ ਛੇ ਦਿਨ ਨੌਂ ਘੰਟੇ ਵਿੱਚ ਪੂਰਾ ਕਰਦਾ ਹੈ। ਕਮਾਲ ਹੈ ਕਿ ਚਾਰੋਨ ਵੀ ਪਲੂਟੋ ਦਾ ਚੱਕਰ ਬਿਲਕੁਲ ਇੰਨੇ ਹੀ ਸਮੇਂ ਵਿੱਚ ਪੂਰਾ ਕਰਦਾ ਹੈ। ਇਸ ਕਰਕੇ ਇਹ ਪਲੂਟੋ ਦੇ ਹਿਸਾਬ ਨਾਲ ਇੱਕੋ ਥਾਂ ਖੜ੍ਹਾ ਲੱਗਦਾ ਹੈ। ਪਲੂਟੋ ਦਾ ਚੰਦ ਨਾ ਡੁੱਬਦਾ ਹੈ ਤੇ ਨਾ ਹੀ ਚੜ੍ਹਦਾ ਹੈ। ਕਮਾਲ ਦਾ ਨਜ਼ਾਰਾ ਹੋਵੇਗਾ। ਸਾਡੇ ਸੌ ਚੰਨਾਂ ਵਰਗੀ ਚਮਕਦੀ ਚਿੱਟੀ ਲੋਹ ਇੱਕੋ ਥਾਂ ਆਕਾਸ਼ ਵਿੱਚ ਜਗਮਗ ਕਰਦੀ ਦਿਸਦੀ ਹੋਵੇਗੀ।

ਇੰਨੀ ਦੂਰ ਦੇ ਗ੍ਰਹਿ/ਬੌਣੇ ਗ੍ਰਹਿ ਪਲੂਟੋ ਬਾਰੇ ਤਾਰਾ ਵਿਗਿਆਨੀਆਂ ਨੂੰ ਚੱਜ ਨਾਲ ਮੁੱਢਲੀ ਜਾਣਕਾਰੀ 1996 ਵਿੱਚ ਹਬਲ ਟੈਲੀਸਕੋਪ ਦੀਆਂ ਤਸਵੀਰਾਂ ਨੇ ਦਿੱਤੀ। ਦੂਰੋਂ ਲਈਆਂ ਧੁੰਦਲੀਆਂ ਤਸਵੀਰਾਂ ਬਹੁਤਾ ਕੁਝ ਸਪਸ਼ਟ ਨਹੀਂ ਕਰ ਸਕੀਆਂ। ਇਸ ਬਰਫ਼ੀਲੇ ਬੌਣੇ ਦੀ ਅਸਲੀ ਜਾਣਕਾਰੀ ਨਿਊ ਹੋਰਾਈਜ਼ਨਜ਼ ਨਾਲ ਹੀ ਮਿਲਣੀ ਸ਼ੁਰੂ ਹੋਈ। ਉੱਨੀ ਜਨਵਰੀ 2006 ਨੂੰ ਪੌਹਣ ਕਰੋੜ ਅਮਰੀਕੀ ਡਾਲਰ ਦਾ ਇਹ ਪੁਲਾੜੀ ਜਹਾਜ਼ ਲਾਂਚ ਹੋਇਆ। ਇਸੇ ਸਾਲ ਦੇ ਮੁੱਕਦੇ ਮੁੱਕਦੇ ਪਲੂਟੋ ਨੂੰ ਗ੍ਰਹਿ ਦੀ ਥਾਂ ਬੌਣਾ ਗ੍ਰਹਿ ਬਣਾਉਣ ਦਾ ਐਲਾਨ ਹੋ ਗਿਆ। ਅਠਤਾਲੀ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਇਹ ਧਰਤੀ ਤੋਂ ਉੱਡਿਆ ਅਤੇ ਨੌਂ ਘੰਟੇ ਵਿੱਚ ਹੀ ਚੰਦ ਨੂੰ ਪਾਰ ਕਰ ਗਿਆ। ਅਪੋਲੋ ਨੂੰ ਚੰਦ ਕੋਲ ਜਾਂਦਿਆਂ ਲਗਪਗ ਤਿੰਨ ਦਿਨ ਲੱਗ ਗਏ ਸਨ। ਪਲੂਟੋ ਤਕ ਜਾਂਦੇ ਜਾਂਦੇ ਇਸ ਜਹਾਜ਼ ਦੀ ਰਫ਼ਤਾਰ ਹੋਰ ਵਧਣੀ ਸੀ। ਗੱਡੀ ਚੜ੍ਹਨ ਦੀ ਕਾਹਲ ਬੜੀ ਸੀ। 1989 ਤੋਂ ਸੂਰਜ ਦੀ ਪਰਿਕਰਮਾ ਕਰਦਾ ਪਲੂਟੋ ਦੂਰ ਹੀ ਦੂਰ ਹੋ ਰਿਹਾ ਸੀ। ਬਹੁਤੀ ਦੇਰ ਹੋ ਜਾਂਦੀ ਤਾਂ ਪਲੂਟੋ ਨੇ ਬਿਲਕੁਲ ਬਰਫ਼ ਬਣ ਜਾਣਾ ਸੀ। ਇਸ ਦਾ ਦਿਨ ਦਾ ਤਾਪਮਾਨ ਪਹਿਲਾਂ ਹੀ ਮਨਫ਼ੀ 223 ਸੀ। ਵਿਗਿਆਨੀ ਚਾਹੁੰਦੇ ਸਨ ਕਿ 2020 ਤੋਂ ਪਹਿਲਾਂ ਨਿਊ ਹੋਰਾਈਜ਼ਨਜ਼ ਪਲੂਟੋ ਦੀ ਖ਼ਬਰਸਾਰ ਲੈ ਲਵੇ। ਉਸ ਪਿੱਛੋਂ ਪਲੂਟੋ ਦੀ ਧਰਤ ਤਾਂ ਕੀ ਸਾਰਾ ਵਾਯੂਮੰਡਲ ਹੀ ਅਜਿਹਾ ਬਰਫ਼ੀਲਾ ਗੋਲਾ ਬਣ ਜਾਣਾ ਸੀ ਕਿ ਇਸ ਵਿੱਚ ਝਾਤੀ ਮਾਰਨ ਨੂੰ ਕੁਝ ਨਹੀਂ ਸੀ ਬਚਣਾ। ਇਹ ਸਥਿਤੀ 248 ਸਾਲ ਦੀ ਇਸ ਪਰਿਕਰਮਾ ਦੇ ਖਾਸੇ ਲੰਮੇ ਅਰਸੇ ਤਕ ਬਣੀ ਰਹਿੰਦੀ ਹੈ। ਅਗਲਾ ਮੌਕਾ ਦਹਾਕਿਆਂ ਬੱਧੀ ਨਹੀਂ ਸੀ ਮਿਲਣਾ।

ਨਿਊ ਹੋਰਾਈਜ਼ਨਜ਼ ਉੱਤੇ ਸੱਤ ਉਪਕਰਨ ਸਨ। ਤਿੰਨ ਪ੍ਰਕਾਸ਼ ਉਪਕਰਨ, ਇੱਕ ਪਲਾਜ਼ਮਾ ਉਪਕਰਨ, ਇੱਕ ਧੂੜ ਸੈਂਸਰ ਤੇ ਇੱਕ ਰੇਡੀਓ ਸਾਇੰਸ ਉਪਕਰਨ। ਇਨ੍ਹਾਂ ਦਾ ਉਦੇਸ਼ ਪਲੂਟੋ ਦੇ ਵਾਯੂਮੰਡਲ ਦੀਆਂ ਵੱਖ ਵੱਖ ਤਹਿਆਂ ਅਤੇ ਇਸ ਦੀ ਧਰਤੀ ਦੀ ਮਿੱਟੀ/ਚੱਟਾਨਾਂ ਦੀ ਬਣਤਰ, ਤੱਤ, ਤਾਪਮਾਨ, ਦਬਾਅ ਪਤਾ ਕਰਨਾ ਸੀ। ਪਲੂਟੋ ਦੇ ਵੱਖ ਵੱਖ ਚੰਦਾਂ ਬਾਰੇ ਵੀ ਅਜਿਹੇ ਹੀ ਵੇਰਵੇ ਜਾਣਨਾ ਇਸ ਦਾ ਉਦੇਸ਼ ਸੀ। ਵਿਗਿਆਨਕ ਉਦੇਸ਼ਾਂ ਦੇ ਨਾਲ ਨਾਲ ਇਸ ਜਹਾਜ਼ ਨੇ ਦੂਰ ਪੁਲਾੜ ਵਿੱਚ ਮਨੁੱਖ ਦੀ ਪੈੜ ਉਲੀਕਣ ਦਾ ਯਤਨ ਵੀ ਕੀਤਾ। ਇਸ ਜਹਾਜ਼ ਵਿੱਚ ਧਰਤੀ ਉਤਲੇ ਮਨੁੱਖੀ ਸੱਭਿਆਚਾਰ ਦੀਆਂ ਪ੍ਰਤੀਨਿਧ ਕਲਾਤਮਿਕ ਵਸਤਾਂ, ਅਮਰੀਕੀ ਝੰਡਾ, ਪਲੂਟੋ ਦੀ ਦੱਸ ਪਾਉਣ ਵਾਲੇ ਮਰਹੂਮ ਕਲਾਈਡ ਟਾਮਬਾਗ ਦੀ ਤੀਹ ਗਰਾਮ ਰਾਖ ਤੇ ਲਗਪਗ ਸਵਾ ਚਾਰ ਲੱਖ ਲੋਕਾਂ ਦੇ ਨਾਵਾਂ ਦੀ ਸੀਡੀ ਭੇਜੀ ਗਈ। ਨਾਸਾ ਵਾਸਤੇ ਇਹ ਜਹਾਜ਼ ਜੌਹਨ ਹਾਪਕਿਨਜ਼ ਯੂਨੀਵਰਸਿਟੀ ਦੀ ਮੇਰੀਲੈਂਡ ਦੀ ਅਪਲਾਈਡ ਸਾਇੰਸ ਲੈਬ ਨੇ ਡਿਜ਼ਾਈਨ ਕੀਤਾ ਸੀ।

ਤਾਜ਼ਾ ਤਸਵੀਰਾਂ ਨੇ ਦੱਸਿਆ ਹੈ ਕਿ ਪਲੂਟੋ ਉੱਤੇ ਸਾਢੇ ਤਿੰਨ-ਤਿੰਨ ਕਿਲੋਮੀਟਰ ਉੱਚੇ ਪਹਾੜਾਂ ਦੀ ਲੜੀ ਹੈ। ਐਵਰੈਸਟ ਫ਼ਤਹਿ ਕਰਨ ਵਾਲੇ ਤੇਨਜ਼ਿੰਗ ਨਾਰਗੇ ਦੇ ਨਾਂ ਉੱਤੇ ਇਸ ਪਰਬਤ ਲੜੀ ਨੂੰ ਨਾਰਗੇ ਮੌਂਟਸ ਦਾ ਨਾਂ ਦਿੱਤਾ ਗਿਆ ਹੈ। ਇਸ ਬੌਣੇ ਗ੍ਰਹਿ ਦੀ ਧਰਤੀ ਉੱਤੇ ਚੱਟਾਨ ਵਾਂਗ ਜੰਮੀ ਬਰਫ਼ ਦੇ ਵਿਸ਼ਾਲ ਖਿੱਤੇ ਹਨ। ਪਲੂਟੋ ਉੱਤੇ ਕਿਊਪਰ ਬਸਤੀ ਵਿੱਚੋਂ ਭਾਂਤ ਭਾਂਤ ਦੇ ਵੱਡੇ ਪਿੰਡ ਡਿੱਗਦੇ ਰਹਿੰਦੇ ਹਨ। ਇਸ ਉੱਤੇ ਪੱਕੇ ਰੂਪ ਵਿੱਚ ਕੋਈ ਖੱਡੇ/ਟੋਏ ਉਨ੍ਹਾਂ ਨਾਲ ਬਣੇ ਜ਼ਰੂਰ ਹੋਣਗੇ, ਪਰ ਉਹ ਬਚੇ ਨਹੀਂ। ਪਲੂਟੋ ਦੀ ਹਿਲਜੁਲ ਨੇ ਉਹ ਭਰ ਦਿੱਤੇ ਹਨ। ਤਸਵੀਰਾਂ ਵਿੱਚ ਚੈਰੋਨ ਉੱਤੇ ਲੰਮਾ ਚੌੜਾ ਚੀਰ ਵੇਖਿਆ ਗਿਆ ਹੈ ਜੋ ਦੂਰ ਤਕ ਫੈਲਿਆ ਹੋਇਆ ਹੈ। ਚੈਰੋਨ ਉੱਤੇ ਡਿੱਗੇ ਪੁਲਾੜੀ ਪਿੰਡਾਂ ਨਾਲ ਬਣੇ ਦੋ ਤਿੰਨ ਡੂੰਘੇ ਟੋਏ ਦੇਖੇ ਗਏ ਹਨ। ਨਿਊ ਹੋਰਾਈਜ਼ਨਜ਼ ਪੁਲਾੜੀ ਮਿਸ਼ਨ 2020 ਤਕ ਕਿਊਪਰ ਬਸਤੀ ਦੀ ਫਰੋਲਾ ਫਰਾਲੀ ਕਰ ਕੇ ਇਸ ਦੂਰ-ਦੁਰਾਡੇ ਖਿੱਤੇ ਬਾਰੇ ਕਾਫ਼ੀ ਕੁਝ ਨਵਾਂ ਦੱਸੇਗਾ। ਵਿਸ਼ਵ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਨੇ ਇਸ ਜਹਾਜ਼ ਦੀ ਨਿਰਮਾਤਾ/ ਖੋਜੀ ਟੀਮ ਨੂੰ ਮੁਬਾਰਕ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਸਾਨੂੰ ਆਪਣੇ ਸੂਰਜ ਪਰਿਵਾਰ ਦੇ ਬਣਨ ਦੀ ਪ੍ਰਕਿਰਿਆ ਦੀ ਚੰਗੇਰੀ ਸਮਝ ਹੋਵੇਗੀ।

- ਡਾ. ਕੁਲਦੀਪ ਸਿੰਘ ਧੀਰ





ਬੱਚੇ ਆਪਣੇ ਸਰੀਰ ਦੀ ਹੱਡੀ ਖਿਸਕਾ ਦਿੰਦੇ ਹਨ ਇੱਧਰ ਤੋਂ ਉਧਰ



ਸਾਡੇ ਪੈਰ ਵਿਚ ਜ਼ਰਾ ਵੀ ਮੋਚ ਕੀ ਆ ਜਾਂਦੀ ਹੈ, ਸਾਡੇ ਪ੍ਰੇਸ਼ਾਨੀ ਵੱਧ ਜਾਂਦੀ ਹੈ ਪਰ ਇਸ ਦੁਨੀਆਂ ਵਿਚ ਅਜਿਹੇ ਵੀ ਲੋਕ ਹਨ ਜੋ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਦੇ ਨਾਲ ਖਿਲਵਾੜ ਕਰਦੇ ਹਨ। ਇਹਨਾਂ ਦੇ ਲਈ ਹੱਡੀਆਂ ਨੂੰ ਇੱਧਰ ਤੋਂ ਉਧਰ ਖਿਸਕਾਉਣਾ ਖੱਬੇ ਹੱਥ ਦੀ ਖੇਡ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਉਹ ਵਾਪਸ ਉਸ ਹੱਡੀ ਨੂੰ ਆਪਣੀ ਜਗ੍ਹਾ ਫਿੱਟ ਕਰ ਦਿੰਦੇ ਹਨ। ਇਹ ਅਜਬ-ਗਜਬ ਕਾਰਨਾਮਾ ਕਰਨ ਵਾਲੇ ਚੀਨੀ ਸਕੂਲ ਦੇ ਬੱਚੇ ਹਨ।

ਚੀਨ ਦੀ ਸ਼ਾਓਲਿਨ ਮੋਨੈਸਟ੍ਰੀ ਪੂਰੀ ਦੁਨੀਆਂ ਲਈ ਪ੍ਰਸਿੱਧ ਹੈ। ਇੱਥੇ 1500 ਸਾਲ ਪਹਿਲਾਂ ਬਣਿਆ ਬੁੱਧ ਮੰਦਰ ਹੈ। ਇਸ ਤੋਂ ਇਲਾਵਾ ਬੁੱਧ ਧਰਮ ਦੀ ਪੜ੍ਹਾਈ ਦੇ ਲਈ ਇਹ ਦੁਨੀਆਂ ਦਾ ਸੈਂਟ

ਯਿਸੂ ਤੇ ਯੂਹੰਨਾ ਦੀ ਮੁਲਾਕਾਤ

ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।

(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੰਧ ਪੁਸਤਕ 'ਯੂਰੈਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)

ਇਕ ਬੀ.ਸੀ. (ਭਾਵ ਅੱਜ ਤੋਂ 2018 ਸਾਲ ਪਹਿਲਾਂ) ਦੌਰਾਨ ਗਰਮੀਆਂ ਦੀ ਰੁੱਤ ਵਿਚ ਜ਼ਕਰੀਆਹ ਅਤੇ ਐਲਿਜ਼ਾਬੈਥ ਆਪਣੇ ਪੁੱਤਰ ਜੌਨ (ਜਿਨ੍ਹਾਂ ਨੂੰ ਹਿੰਦੀ ਤੇ ਉਰਦੂ ਵਿਚ ਯੂਹੰਨਾ ਆਖਦੇ ਹਨ ਤੇ ਉਹੀ ਬਾਅਦ ਵਿਚ 'ਯੂਹੰਨਾ-ਬਪਤਿਸਮਾ ਦੇਣ ਵਾਲੇ' ਵੀ ਅਖਵਾਏ) ਯਿਸੂ ਮਸੀਹ ਦੇ ਪਰਿਵਾਰ ਨੂੰ ਮਿਲਣ ਲਈ ਨਾਸਰਤ ਪੁੱਜੇ। ਯਿਸੂ ਤੇ ਯੂਹੰਨਾ ਨੂੰ ਆਪਣੀ ਇਹ ਬਚਪਨ ਦੀ ਮੁਲਾਕਾਤ ਸਦਾ ਚੇਤੇ ਰਹੇ, ਉਨ੍ਹਾਂ ਦੋਵਾਂ ਦੇ ਮਾਪਿਆਂ ਨੇ ਆਪਣੇ ਪੁੱਤਰਾਂ ਦੇ ਭਵਿੱਖ ਬਾਰੇ ਕਾਫ਼ੀ ਵਿਚਾਰ-ਵਟਾਂਦਰਾ ਕੀਤਾ ਸੀ। ਬਾਲ ਯਿਸੂ ਤੇ ਬਾਲ ਯੂਹੰਨਾ ਤਦ ਘਰ ਦੀ ਛੱਤ 'ਤੇ ਕਾਫ਼ੀ ਸਮਾਂ ਖੇਡਦੇ ਰਹੇ ਸਨ (ਯੂਰੈਸ਼ੀਆ 123:3.4)

ਯੂਹੰਨਾ ਤਦ ਯੇਰੂਸਲੇਮ ਦੇ ਕੋਲ਼ ਹੀ ਰਹਿੰਦੇ ਸਨ। ਇਸੇ ਦੌਰਾਨ ਬਾਲ ਯਿਸੂ ਵਿਚ ਇਜ਼ਰਾਇਲ ਦਾ ਇਤਿਹਾਸ ਜਾਣਨ ਦੀ ਤੀਬਰ ਇੱਛਾ ਪੈਦਾ ਹੋਈ। ਤਦ ਉਨ੍ਹਾਂ ਸਬਤ (ਵਿਸ਼ਰਾਮ-ਦਿਵਸ) ਦੇ ਦਿਨ ਅਤੇ ਉਸ ਦੀਆਂ ਰੀਤਾਂ ਦੇ ਅਰਥ ਜਾਣੇ, ਧਾਰਮਿਕ ਸਥਾਨਾਂ 'ਤੇ ਉਪਦੇਸ਼ ਦੇਣ ਦੀਆਂ ਵਿਧੀਆਂ ਨੂੰ ਸਮਝਿਆ ਤੇ ਯਾਦਗਾਰੀ ਪ੍ਰੀਤੀ-ਭੋਜ (ਫ਼ੀਸਟ) ਦੇ ਮਹੱਤਵ ਨੂੰ ਵੀ ਜਾਣਿਆ। ਉਨ੍ਹਾਂ ਦੇ ਦੁਨਿਆਵੀ ਪਿਤਾ ਯੂਸਫ਼ ਨੇ ਵੀ ਉਨ੍ਹਾਂ ਨੂੰ ਇਹ ਸਾਰੀਆਂ ਗੱਲਾਂ ਵਿਸਥਾਰਪੂਰਬਕ ਸਮਝਾਈਆਂ ਤੇ ਉਨ੍ਹਾਂ ਨੂੰ ਉਸ ਵੇਲੇ ਦੇ ਪ੍ਰਚਲਿਤ ਸਾਰੇ ਤਿਉਹਾਰਾਂ ਬਾਰੇ ਦੱਸਿਆ (ਯੂਰੈਸ਼ੀਆ 123:3.5)

ਉਨ੍ਹੀਂ ਦਿਨੀਂ ਪਿਤਾ ਯੂਸਫ਼ ਤੇ ਮਾਂ ਮਰੀਅਮ ਨੂੰ ਇਕ ਸਮੱਸਿਆ ਦਾ ਸਾਹਮਣਾ ਵੀ ਕਰਨਾ ਪਿਆ ਤੇ ਉਹ ਬਾਲ ਯਿਸੂ ਨੂੰ ਲੈ ਕੇ ਕੁਝ ਫ਼ਿਕਰਮੰਦ ਹੋਣ ਲੱਗੇ। ਕਿਉਂਕਿ ਤਦ ਯਿਸੂ ਜਦ ਵੀ ਕਦੇ ਪ੍ਰਾਰਥਨਾ ਕਰਦੇ, ਤਾਂ ਇਹੋ ਆਖਦੇ ਸਨ ਕਿ ਉਹ ਸੁਰਗ ਵਿਚ ਰਹਿਣ ਵਾਲੇ ਆਪਣੇ ਪਿਤਾ ਨਾਲ ਗੱਲਾਂ ਕਰਨ ਜਾ ਰਹੇ ਹਨ। ਮਾਂ ਮਰੀਅਮ ਨੇ ਉਨ੍ਹਾਂ ਨੂੰ ਇਸ ਸਿਲਸਿਲੇ ਵਿਚ ਕੁਝ ਸਮਝਾਉਣ ਦਾ ਜਤਨ ਕੀਤਾ ਪਰ ਬਾਲ ਯਿਸੂ ਨੇ ਸਦਾ ਇਹੋ ਜਵਾਬ ਦਿੱਤਾ ਕਿ ਉਹ ਪ੍ਰਾਰਥਨਾ ਦਾ ਸਿਰਫ਼ ਇਹੋ ਤਰੀਕਾ ਜਾਣਦੇ ਹਨ ਅਤੇ ਉਹ ਉਸ ਸਮੇਂ ਪ੍ਰਚਲਿਤ ਪ੍ਰਾਰਥਨਾ ਦੇ ਢੰਗ ਤੋਂ ਕੁਝ ਵੱਖ ਤੇ ਹੋਰ ਤਰੀਕੇ ਨਾਲ ਹੀ ਪ੍ਰਾਰਥਨਾ ਕਰਦੇ ਰਹੇ (ਯੂਰੈਸ਼ੀਆ 123 : 3.8)

ਯਿਸੂ ਦੀ ਉਮਰ ਦੇ ਉਸੇ ਛੇਵੇਂ ਸਾਲ ਜੂਨ ਮਹੀਨੇ ਦੌਰਾਨ ਪਿਤਾ ਯੂਸਫ਼ ਨੇ ਨਾਸਰਤ ਵਿਖੇ ਮੌਜੂਦ ਆਪਣੀ ਦੁਕਾਨ ਆਪਣੇ ਭਰਾਵਾਂ ਹਵਾਲੇ ਕਰ ਦਿੱਤੀ ਤੇ ਖ਼ੁਦ ਇਕ ਬਿਲਡਰ ਦਾ ਕੰਮ ਕਰਨ ਲੱਗੇ। ਇਸੇ ਵਰ੍ਹੇ ਦੇ ਅੰਤ ਤਕ ਉਨ੍ਹਾਂ ਦੇ ਪਰਿਵਾਰ ਦੀ ਆਮਦਨ ਤਿੰਨ ਗੁਣਾ ਵਧ ਗਈ ਸੀ। ਫਿਰ ਪਿਤਾ ਯੂਸਫ਼ ਦੇ ਦੇਹਾਂਤ ਤਕ ਇਸ ਪਰਿਵਾਰ ਨੇ ਕਦੇ ਗ਼ਰੀਬੀ ਨਹੀਂ ਵੇਖੀ। ਪਰਿਵਾਰ ਦਾ ਵਧੇਰੇ ਖ਼ਰਚਾ ਯਾਤਰਾਵਾਂ ਤੇ ਸਿੱਖਿਆ ਹਾਸਲ ਕਰਨ ਉੱਤੇ ਹੁੰਦਾ ਸੀ। ਪਿਤਾ ਯੂਸਫ਼ ਦੀ ਆਮਦਨ ਜਿਵੇਂ-ਜਿਵੇਂ ਵਧਦੀ ਗਈ, ਉਂਝ ਹੀ ਉਨ੍ਹਾਂ ਦੇ ਖ਼ਰਚੇ ਵੀ ਵਧਦੇ ਗਏ (ਯੂਰੈਸ਼ੀਆ 123 : 3.7)

ਪਿਤਾ ਯੂਸਫ਼ ਨੇ ਕਾਨਾ, ਬੈਤਲਹੇਮ (ਗਲੀਲ ਦਾ), ਮੈਗਦਾਲਾ, ਨਾਇਨ, ਸੈਫ਼ੋਰਿਸ, ਕਫ਼ਰਨਹੂਮ ਤੇ ਐਂਡੋਰ ਸਮੇਤ ਨਾਸਰਤ ਆਲ਼ੇ-ਦੁਆਲ਼ੇ ਦੇ ਅਨੇਕ ਸਥਾਨਾਂ ਉੱਤੇ ਇਮਾਰਤ-ਉਸਾਰੀ ਦੇ ਕਾਰਜ ਵੱਡੇ ਪੱਧਰ ਉੱਤੇ ਕੀਤੇ। ਜਦੋਂ ਯਿਸੂ ਦੇ ਛੋਟੇ ਦੁਨਿਆਵੀ ਭਰਾ ਜੇਮਸ (ਯਾਕੂਬ) ਆਪਣੀ ਮਾਂ ਦੇ ਕੰਮ ਵਿਚ ਹੱਥ ਵੰਡਾਉਣ ਦੇ ਯੋਗ ਹੋ ਗਏ, ਤਾਂ ਯਿਸੂ ਆਪਣੇ ਪਿਤਾ ਦੇ ਨਾਲ ਆਲ਼ੇ-ਦੁਆਲ਼ੇ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਣ ਲੱਗੇ। ਯਿਸੂ ਨੇ ਆਪਣੀਆਂ ਉਨ੍ਹਾਂ ਨਿੱਕੀਆਂ-ਨਿੱਕੀਆਂ ਯਾਤਰਾਵਾਂ ਦੌਰਾਨ ਹੀ ਬਹੁਤ ਸਾਰਾ ਵਿਵਹਾਰਕ ਗਿਆਨ ਹਾਸਲ ਕੀਤਾ (ਯੂਰੈਸ਼ੀਆ 123:3.8)

ਬਾਲ ਯਿਸੂ ਨੇ ਇੰਨੀ ਨਿੱਕੀ ਜਿਹੀ ਉਮਰੇ ਹੀ ਆਪਣੇ ਅੰਦਰ ਮਜ਼ਬੂਤ ਭਾਵਨਾਵਾਂ ਪੈਦਾ ਕਰ ਲਈਆਂ ਸਨ। ਉਹ ਜਾਣਦੇ ਸਨ ਕਿ ਪਰਿਵਾਰਕ ਸਹਿਯੋਗ ਤੇ ਘਰ ਵਿਚ ਅਨੁਸ਼ਾਸਨ ਜਿਹੀਆਂ ਘਰੇਲੂ ਜ਼ਰੂਰਤਾਂ ਦੀ ਪੂਰਤੀ ਕਿਵੇਂ ਕੀਤੀ ਜਾ ਸਕਦੀ ਹੈ। ਮਾਂ ਮਰੀਅਮ ਅਸਲ ਵਿਚ ਬਹੁਤ ਹੀ ਜ਼ਿਆਦਾ ਅਨੁਸ਼ਾਸਨਿਕ ਸਨ। ਉਨ੍ਹਾਂ ਤੋਂ ਯਿਸੂ ਨੇ ਬਹੁਤ ਕੁਝ ਸਿੱਖਿਆ ਹੀ ਸੀ, ਸਗੋਂ ਪਿਤਾ ਨੇ ਵੀ ਉਨ੍ਹਾਂ ਨੂੰ ਇਹ ਸਾਰੀਆਂ ਗੱਲਾਂ ਬਹੁਤ ਧਿਆਨ ਨਾਲ ਸਮਝਾਈਆਂ ਸਨ (ਯੂਰੈਸ਼ੀਆ 123:3.9)

ਜਦੋਂ ਕਦੇ ਮਾਂ ਮਰੀਅਮ ਨੂੰ ਘਰ ਵਿਚ ਕੋਈ ਕੰਮ ਨਹੀਂ ਹੁੰਦਾ ਸੀ ਤਾਂ ਯਿਸੂ ਦਿਨ ਵਿਚ ਫੁੱਲਾਂ, ਪੌਦਿਆਂ ਤੇ ਰਾਤ ਨੂੰ ਤਾਰਿਆਂ ਦਾ ਅਧਿਐਨ ਕਰਦੇ ਸਨ। ਰਾਤ ਨੂੰ ਸੌਣ ਤੋਂ ਪਹਿਲਾਂ ਉਹ ਬਹੁਤ ਦੇਰ ਤਕ ਤਾਰਿਆਂ ਨੂੰ ਪੂਰੇ ਗਹੁ ਨਾਲ ਵਾਚਦੇ ਰਹਿੰਦੇ ਸਨ (ਯੂਰੈਸ਼ੀਆ 123 : 3.10)

ਸੰਨ 1 ਈਸਵੀ ਵਿਚ ਯਿਸੂ ਸੱਤ ਵਰ੍ਹਿਆਂ ਦੇ ਹੋ ਗਏ ਸਨ। ਇਸੇ ਵਰ੍ਹੇ ਜਨਵਰੀ ਮਹੀਨੇ 'ਚ ਗਲੀਲ ਖੇਤਰ ਵਿਚ ਭਾਰੀ ਬਰਫ਼ਾਨੀ ਤੂਫ਼ਾਨ ਆਇਆ, ਚੁਫੇਰੇ ਦੋ-ਦੋ ਫੁੱਟ ਬਰਫ਼ ਵਿਖਾਈ ਦੇ ਰਹੀ ਸੀ। ਯਿਸੂ ਨੇ ਪਹਿਲਾਂ ਇੰਨੀ ਬਰਫ਼ਬਾਰੀ ਕਦੇ ਨਹੀਂ ਵੇਖੀ ਸੀ ਅਤੇ ਨਾਸਰਤ 'ਚ ਤਾਂ ਪਿਛਲੇ ਇਕ ਸੌ ਸਾਲਾਂ 'ਚ ਵੀ ਇੰਨੀ ਬਰਫ਼ਬਾਰੀ ਕਦੇ ਨਹੀਂ ਹੋਈ ਸੀ (ਯੂਰੈਸ਼ੀਆ 123 :4.1)

ਉਨ੍ਹੀਂ ਦਿਨੀਂ ਯਹੂਦੀ ਬੱਚਿਆਂ ਨੂੰ ਆਪਣੇ ਵੱਡਿਆਂ ਦੀ ਹਰੇਕ ਗਤੀਵਿਧੀ ਉੱਤੇ ਬਾਰੀਕੀ ਨਾਲ ਨਜ਼ਰ ਰੱਖਣ ਲਈ ਆਖਿਆ ਜਾਂਦਾ ਸੀ। ਇਸੇ ਲਈ ਬੱਚੇ ਜੇ ਕੋਈ ਖੇਡ ਖੇਡਦੇ ਸਨ, ਤਾਂ ਉਹ ਵੀ ਵਿਆਹ ਜਾਂ ਅਰਥੀ ਚੁੱਕਣ ਦੀਆਂ ਰਸਮਾਂ ਖੇਡਦੇ ਸਨ ਕਿਉਂਕਿ ਉਹ ਜ਼ਿਆਦਾਤਰ ਆਪਣੇ ਵੱਡਿਆਂ-ਬਜ਼ੁਰਗਾਂ ਨੂੰ ਅਜਿਹਾ ਕੁਝ ਕਰਦਿਆਂ ਤੇ ਅਜਿਹੇ ਰੀਤੀ-ਰਿਵਾਜ ਨਿਭਾਉਂਦਿਆਂ ਹੀ ਵੇਖਦੇ ਸਨ। ਉਹ ਨਾਚ-ਗਾਣਾ ਵੀ ਕਰਦੇ ਸਨ ਪਰ ਉਹ ਸਾਰੀਆਂ ਖੇਡਾਂ ਸੰਗਠਤ ਤੇ ਸਮੂਹਕ ਰੂਪ ਵਿਚ ਹੀ ਹੁੰਦੀਆਂ ਸਨ (ਯੂਰੈਸ਼ੀਆ 123:4.2)

ਅਨੁਵਾਦ -ਮਹਿਤਾਬ-ਉਦ-ਦੀਨ

ਇਤਿਹਾਸਕ ਗੁਰਦੁਆਰਾ ਟਾਹਲੀ ਸਾਹਿਬ

ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਦੋਰਾਂਗਲਾ ਅਧੀਨ ਆਉਂਦਾ ਇਤਿਹਾਸਕ ਪਿੰਡ ਗਾਹਲੜੀ ਆਪਣੀ ਮਿੱਟੀ ਵਿਚ ਵਿਸ਼ੇਸ਼ ਇਤਿਹਾਸ ਲੁਕਾਈ ਬੈਠਾ ਹੈ। ਇਸ ਪਵਿੱਤਰ ਨਗਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਹੈ। ਬਾਲ ਜਤੀ ਉਦਾਸੀਨ ਅਚਾਰੀਆ ਬਾਬਾ ਸ੍ਰੀ ਚੰਦ ਜੀ ਦਾ ਜਨਮ ਬਾਰੇ ਜਦੋਂ ਬੇਬੇ ਨਾਨਕੀ ਜੀ ਨੂੰ ਪਤਾ ਚੱਲਿਆ ਤਾਂ ਉਨ੍ਹਾਂ ਦੇ ਪੈਰ ਜ਼ਮੀਨ 'ਤੇ ਨਹੀਂ ਸੀ ਲੱਗ ਰਹੇ ਸਨ। ਉਹ ਆਪਣੇ ਪਿਤਾ ਕਾਲੂ ਜੀ ਨੂੰ ਕਹਿਣ ਲੱਗੀ ਕਿ, 'ਮੇਰੇ ਵੀਰ ਨਾਨਕ ਦੇ ਘਰ ਰੱਬੀ ਰੂਹ ਨੇ ਜਨਮ ਲਿਆ ਹੈ, ਬਾਪੂ ਤੂੰ ਭਾਗਾਂ ਵਾਲਾ ਏਂ, ਤੇਰਾ ਵੰਸ਼ ਅਮਰ ਹੋ ਗਿਆ ਹੈ। ਨਾਨਕੀ ਨੇ ਕਿਹਾ ਕਿ ਸ੍ਰੀ ਚੰਦ ਰਿਜ਼ਕ ਦਾਤਾ, ਰਿਧੀਆਂ ਸਿੱਧੀਆਂ ਦਾ ਭੰਡਾਰ ਹੈ। ਜਿਸ ਸਥਾਨ 'ਤੇ ਸ੍ਰੀ ਚੰਦ ਜੀ ਦੇ ਚਰਨ ਪੈਣਗੇ ਉਹ ਸਥਾਨ ਪੂਜਨ ਯੋਗ ਹੋ ਜਾਵੇਗੀ। ਜਿਸ ਕਾਰਨ ਨਾਨਕੀ ਜੀ ਦੇ ਕਹੇ ਸ਼ਬਦਾਂ ਕਾਰਨ ਅੱਜ ਪਿੰਡ ਗਾਹਲੜੀ ਸਥਿਤ ਗੁਰਦੁਆਰਾ ਟਾਹਲੀ ਸਾਹਿਬ ਪੂਜਨਯੋਗ ਹੈ।'

ਪੁਰਾਤਨ ਇਤਿਹਾਸ ਮੁਤਾਬਕ ਕਿਸੇ ਸਮੇਂ ਰਾਵੀ ਦਰਿਆ ਪਿੰਡ ਗਾਹਲੜੀ ਨਜ਼ਦੀਕ ਵਗਦਾ ਸੀ, ਜਿਸ ਦੇ ਤੇਜ਼ ਪਾਣੀ ਵਹਾਅ ਨਾਲ ਇਲਾਕੇ ਦੀਆਂ ਸੰਗਤਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਕ ਦਿਨ ਬਾਬਾ ਸ੍ਰੀ ਚੰਦ ਜੀ ਗਾਹਲੜੀ ਪਿੰਡ ਦੇ ਕੋਲੋਂ ਗੁਜਰ ਰਹੇ ਸਨ ਤਾਂ ਉਹ ਕੁੱਝ ਸਮਾਂ ਇਥੇ ਰੁਕੇ। ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਰਾਵੀ ਕਿਨਾਰੇ ਕੋਈ ਸਾਧੂ ਭੇਖ ਵਿਚ ਮਹਾਂਪੁਰਸ਼ ਰੁਕਿਆ ਹੋਇਆ ਹੈ। ਇਸ ਦੌਰਾਨ ਲੋਕ ਬਾਬਾ ਸ੍ਰੀ ਚੰਦ ਜੀ ਦੇ ਨਜ਼ਦੀਕ ਇਕੱਠੇ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਬਾਬਾ ਜੀ ਨੂੰ ਆਪਣੀਆਂ ਸਮੱਸਿਆਵਾਂ ਦੱਸਦਿਆਂ ਕਿਹਾ ਕਿ ਰਾਵੀ ਦਰਿਆ ਦਾ ਵਹਾਅ ਪਿੰਡ ਦੀ ਆਬਾਦੀ ਵੱਲ ਹੋਣ ਕਰਕੇ ਬਹੁਤ ਨੁਕਸਾਨ ਕਰਦਾ ਹੈ। ਬਾਬਾ ਸ੍ਰੀ ਚੰਦ ਜੀ ਵੱਲੋਂ ਲੋਕਾਂ ਦੀ ਫਰਿਆਦ ਸੁਣਨ ਤੋਂ ਬਾਅਦ ਰਾਵੀ ਦਰਿਆ ਵਿਚ ਖਲੋ ਕੇ ਬੇਨਤੀ ਕੀਤੀ ਗਈ।

ਦੱਸਿਆ ਜਾਂਦਾ ਹੈ ਕਿ ਉਸ ਦਿਨ ਤੋਂ ਬਾਅਦ ਰਾਵੀ ਦਰਿਆ ਦਾ ਵਹਾਅ ਆਬਾਦੀ ਵਾਲੇ ਇਲਾਕੇ 'ਚੋਂ ਬਹੁਤ ਦੂਰੀ 'ਤੇ ਚਲਾ ਗਿਆ। ਜਦੋਂ ਬਾਬਾ ਸ੍ਰੀ ਚੰਦ ਜੀ ਬਾਰਠ ਸਾਹਿਬ ਨੂੰ ਜਾਣ ਲੱਗੇ ਤਾਂ ਲੋਕਾਂ ਵੱਲੋਂ ਅਰਜ਼ ਕੀਤੀ ਗਈ ਕਿ ਬਾਬਾ ਜੀ ਇਸ ਸਥਾਨ ਨੂੰ ਵੀ ਕੋਈ ਆਪਣੀ ਚਮਤਕਾਰੀ ਸਕਤੀ ਨਾਲ ਇਤਿਹਾਸਕ ਬਣਾ ਦਿਉ, ਤਾਂ ਬਾਬਾ ਜੀ ਨੂੰ ਜਿਸ ਸਮੇਂ ਇਹ ਬੇਨਤੀ ਕੀਤੀ ਗਈ ਸੀ ਉਸ ਸਮੇਂ ਉਹ ਟਾਹਲੀ ਦੀ ਦਾਤਨ ਕਰ ਰਹੇ ਸਨ। ਉਨ੍ਹਾਂ ਉਸੇ ਸਮੇਂ ਹੀ ਦਾਤਨ ਨੂੰ ਗਾਹਲੜੀ ਦੀ ਬੰਜਾਨ ਧਰਤੀ 'ਤੇ ਗੱਡ ਦਿੱਤਾ ਤੇ ਕਿਹਾ ਕਿ ਇਹ ਸਥਾਨ ਬਹੁਤ ਪੂਜਣ ਯੋਗ ਹੋਵੇਗਾ।

ਇਸ ਸਥਾਨ 'ਤੇ ਕੋਈ ਵੀ ਵਿਅਕਤੀ ਆਪਣੀ ਮਨੋਕਾਮਨਾ ਪੂਰੀ ਕੀਤੇ ਬਿਨਾਂ ਵਾਪਸ ਖ਼ਾਲੀ ਹੱਥ ਨਹੀ ਜਾਵੇਗਾ। ਅੱਜ ਇਹ ਪਿੰਡ ਗਾਹਲੜੀ ਬਾਬਾ ਸ੍ਰੀ ਚੰਦ ਜੀ ਦੀ ਚਰਨਛੋਹ ਪ੍ਰਾਪਤ ਹੋਣ ਕਰਕੇ ਇਤਿਹਾਸਕ ਸਥਾਨ ਬਣ ਗਿਆ ਹੈ, ਜਿਸ ਦਾ ਨਾਮ ਬਾਬਾ ਸ੍ਰੀ ਚੰਦ ਗੁਰਦੁਆਰਾ ਟਾਹਲੀ ਸਾਹਿਬ ਦੇ ਨਾਂ ਨਾਲ ਪ੍ਰਚਲਤ ਹੈ। ਇਸ ਪਵਿਤਰ ਸਥਾਨ 'ਤੇ ਹਰ ਐਤਵਾਰ ਵੀ ਮੇਲੇ ਵਰਗਾ ਮਾਹੌਲ ਹੁੰਦਾ ਹੈ ਅਤੇ ਮੱਸਿਆ ਦਾ ਦਿਹਾੜਾ ਵੀ ਬੜੀ ਸਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

• ਰਾਕੇਸ਼ ਜੀਵਨ ਚੱਕ (ਦੋਰਾਂਗਲਾ)
ਮੋਬਾਈਲ 9855840585

ਮਹਾਨ ਤਪੱਸਵੀ ਬਾਬਾ ਸ੍ਰੀ ਚੰਦ ਜੀ

ਜਨਮ ਦਿਹਾੜੇ 'ਤੇ ਵਿਸ਼ੇਸ਼

ਗਿਆਨੀ ਰਾਜਿੰਦਰ ਸਿੰਘ ਰਾਜਨ

ਪਠਾਨਕੋਟ ਤੋਂ 8 ਕਿਲੋਮੀਟਰ ਦੂਰ ਪੈਂਦਾ ਗੁਰਦੁਆਰਾ ਬਾਰਠ ਸਾਹਿਬ ਇਕ ਇਤਿਹਾਸਕ ਸਥਾਨ ਹੈ। ਜਿਸ ਨੂੰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਸਥਾਨ ਸਿੱਖ ਇਤਿਹਾਸ ਵਿਚ ਵੱਡੀ ਮਹਾਨਤਾ ਦਾ ਪ੍ਰਤੀਕ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨੇ 62 ਸਾਲ ਤਪ ਕੀਤਾ। ਸਿੱਖ ਇਤਿਹਾਸ ਵਿਚ ਇਹ ਗੱਲ ਦਰਜ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਸਥਾਨ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਆਪਣੀ ਰਚੀ ਹੋਈ ਬਾਣੀ ਸੁਣਾਈ ਤੇ ਉਨ੍ਹਾਂ ਪ੍ਰਸੰਨ ਹੋ ਕੇ ਕਿਹਾ ਕਿ ਅੱਠ ਪਹਿਰਾਂ ਵਿਚ ਪ੍ਰਾਣੀ ਦੇ ਕੇਵਲ 24 ਹਜ਼ਾਰ ਸਵਾਸ ਚੱਲਦੇ ਹਨ। ਤੁਸੀਂ ਇਸ ਬਾਣੀ ਨੂੰ 24 ਅਸ਼ਟਪਦੀਆਂ ਵਿਚ ਇੰਨੇ ਹੀ 24 ਹਜ਼ਾਰ ਅੱਖਰਾਂ ਨਾਲ ਸੰਪੂਰਨ ਕਰੋ ਤਾਂ ਕਿ ਪ੍ਰੇਮ ਨਾਲ ਪੜ੍ਹਨ ਵਾਲਿਆਂ ਦੇ 8 ਪਹਿਰਾਂ ਵਿਚ ਦਿਨ ਰਾਤ ਦੇ ਸਾਰੇ ਸਵਾਸ ਸਫਲ ਹੋ ਜਾਇਆ ਕਰਨ। ਤਦ ਗੁਰੂ ਜੀ ਨੇ ਬੇਨਤੀ ਕੀਤੀ ਕਿ ਅੱਗੇ ਆਪ ਜੀ ਉਚਾਰਕੇ ਸੰਪੂਰਣਤਾ ਬਖਸ਼ੋ, ਪਰ ਉਨ੍ਹਾਂ ਫ਼ੁਰਮਾਇਆ ਕਿ ਗੁਰੂ ਨਾਨਕ ਪਿਤਾ ਜੀ ਵੱਲੋਂ ਬਾਣੀ ਉਚਾਰਣ ਦੀ ਸੇਵਾ ਤੁਹਾਡੇ ਜ਼ਿੰਮੇ ਲੱਗੀ ਹੈ ਅਤੇ ਗੱਦੀ-ਨਸ਼ੀਨ ਦੀ ਉਚਾਰੀ ਬਾਣੀ ਗੁਰੂ ਬਾਣੀ ਹੈ। ਗੁਰੂ ਜੀ ਦੇ ਜ਼ੋਰ ਦੇਣ 'ਤੇ ਬਾਬਾ ਸ੍ਰੀ ਚੰਦ ਜੀ ਨੇ 17ਵੀਂ ਅਸ਼ਟਪਦੀ ਦਾ ਮੁੱਢਲਾ ਸਲੋਕ ਜੋ 'ਸ੍ਰੀ ਜਪੁਜੀ' ਸਾਹਿਬ ਦੇ ਆਦਿ ਦਾ ਸੀ, ਸਿਰਫ ਬਿਹਾਰੀ ਦੀ ਥਾਂ ਦੋ ਵਾਰ ਸਿਹਾਰੀ ਬਦਲ ਕੇ ਇਉਂ ਸੁਣਾ ਦਿੱਤਾ 'ਆਦਿ ਸੱਚ ਜੁਗਾਦਿ ਸਚੁ॥ ਹੈ ਭੀ ਸੱਚ ਨਾਨਕ ਹੋਸੀ ਭਿ ਸਚੁ॥।

ਜ਼ਿਕਰਯੋਗ ਹੈ ਕਿ ਬਾਬਾ ਸ੍ਰੀ ਚੰਦ ਜੀ ਦਾ ਜਨਮ ਭਾਦੋਂ ਸੁਦੀ 9 ਸੰਮਤ 1551 ਬਿਕਰਮੀ ਨੂੰ ਮਾਤਾ ਸੁਲੱਖਣੀ ਜੀ ਦੀ ਕੁਖੋਂ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਨ੍ਹਾਂ ਦਾ ਪਾਲਣ ਪੋਸ਼ਣ ਬੇਬੇ ਨਾਨਕੀ ਨੇ ਕੀਤਾ। ਬਾਬਾ ਜੀ ਦੇ ਨਾਨਾ ਮੂਲ ਚੰਦ ਨੂੰ ਛੋਟੀ ਉਮਰ ਵਿਚ ਹੀ ਪਿੰਡ ਪੱਖੋਕੇ (ਡੇਰਾ ਬਾਬਾ ਨਾਨਕ) ਲੈ ਆਏ। ਉਹ ਛੋਟੀ ਉਮਰ ਵਿਚ ਹੀ ਪ੍ਰਭੂ ਚਰਨਾਂ ਅਤੇ ਭਜਨ ਬੰਦਗੀ ਵਿਚ ਲੀਨ ਰਹਿੰਦੇ ਸਨ। ਉਨ੍ਹਾਂ ਦੇ ਛੋਟੇ ਭਰਾ ਬਾਬਾ ਲਖਮੀ ਚੰਦ ਨੇ ਗ੍ਰਿਹਸਥ ਮਾਰਗ ਧਾਰਨ ਕੀਤਾ ਜਦ ਕਿ ਬਾਬਾ ਜੀ ਨੇ ਸੰਨਿਆਸ ਲੈ ਲਿਆ। ਆਪਣੇ ਭਰਾ ਲਖਮੀ ਚੰਦ ਤੇ ਭਰਜਾਈ ਦੇ ਪ੍ਰਲੋਕ ਗਮਨ ਕਰ ਜਾਣ ਪਿੱਛੋਂ ਬਾਬਾ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਤੋਂ ਪ੍ਰਾਪਤ ਕੀਤੇ ਆਸ਼ੀਰਵਾਦ ਨੂੰ ਯਾਦ ਕਰ ਅਕਾਸ਼ ਵੱਲ ਹੱਥ ਵਧਾਇਆ ਅਤੇ ਆਪਣੇ ਭਤੀਜੇ ਧਰਮ ਚੰਦ ਨੂੰ ਹੇਠਾਂ ਖਿੱਚ ਲਿਆ। ਭਤੀਜੇ ਦਾ ਪਾਲਣ ਪੋਸ਼ਣ ਦਾ ਕੰਮ ਮੁਸ਼ਕਿਲ ਵੇਖਦਿਆਂ ਬਾਬਾ ਜੀ ਨੇ ਗੁਰੂ ਨਾਨਕ ਦੇਵ ਦੇ ਪਿੰਡ ਬਾਰਠ ਵਿਖੇ ਰਹਿ

ਜੰਮੂ-ਕਸ਼ਮੀਰ ਵਿਧਾਨ ਸਭਾਵਾਂ ਲਈ ਤਿੰਨ ਪੜਾਵਾਂ 'ਚ 18, 25 ਸਤੰਬਰ ਤੇ ਪਹਿਲੀ ਅਕਤੂਬਰ ਨੂੰ ਪੈਣਗੀਆਂ ਵੋਟਾਂ, ਹਰਿਆਣਾ 'ਚ ਵੋਟਾਂ 1 ਅਕਤੂਬਰ ਨੂੰ, ਨਤੀਜੇ 4 ਨੂੰ

ਨਵੀਂ ਦਿੱਲੀ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਚੋਣ ਕਮਿਸ਼ਨ ਅੱਜ ਹਰਿਆਣਾ ਤੇ ਜੰਮੂ ਕਸ਼ਮੀਰ ਵਿਧਾਨ ਸਭਾਵਾਂ ਲਈ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਅੱਜ ਪੱਤਰਕਾਰਾਂ ਨੂੰ ਦੱਸਿਆ ਕਿ ਜੰਮੂ ਕਸ਼ਮੀਰ ਵਿੱਚ ਤਿੰਨ ਪੜਾਵਾਂ 18, 25 ਸਤੰਬਰ ਤੇ ਪਹਿਲੀ ਅਕਤੂਬਰ ਨੂੰ ਵੋਟਾਂ ਪੈਣਗੀਆਂ। ਹਰਿਆਣਾ ਵਿਧਾਨ ਸਭਾ ਲਈ ਵੋਟਾਂ ਪਹਿਲੀ ਅਕਤੂਬਰ ਨੂੰ ਪੈਣਗੀਆਂ ਤੇ ਦੋਵਾਂ ਰਾਜਾਂ ਦੀਆਂ ਚੋਣਾਂ ਦੇ ਨਤੀਜੇ 4 ਅਕਤੂਬਰ ਨੂੰ ਐਲਾਨੇ ਜਾਣਗੇ। ਜੰਮੂ ਕਸ਼ਮੀਰ ਵਿੱਚ 10 ਸਾਲ ਬਾਅਦ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਕਸ਼ਮੀਰ ਵਿੱਚ 47 ਤੇ ਜੰਮੂ ਖੇਤਰ ਵਿੱਚ 43 ਹਲਕੇ ਹਨ।ਇਸ ਤੋਂ ਪਹਿਲਾਂ ਸਾਲ 2014 ਵਿੱਚ ਵਿਧਾਨ ਸਭਾ ਚੋਣਾਂ ਹੋਈਆਂ ਸਨ। ਹਰਿਆਣਾ ਵਿਧਾਨ ਸਭਾਵਾਂ ਦਾ ਕਾਰਜਕਾਲ 3 ਨਵੰਬਰ ਨੂੰ ਖਤਮ ਹੋ ਰਿਹਾ ਹੈ। ਚੋਣ ਕਮਿਸ਼ਨ ਦੀ ਜੰਮੂ-ਕਸ਼ਮੀਰ ਵਿੱਚ 30 ਸਤੰਬਰ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਕਰਵਾਉਣ ਦੀ ਯੋਜਨਾ ਸੀ। ਇਹ ਸਮਾਂ ਸੀਮਾ ਸੁਪਰੀਮ ਕੋਰਟ ਨੇ ਤੈਅ ਕੀਤੀ ਹੈ।ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਦੱਸਿਆ ਕਿ ਇਸ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ 90 ਵਿਧਾਨ ਸਭਾ ਹਲਕਿਆਂ ਵਿੱਚ 87.09 ਲੱਖ ਵੋਟਰ ਹਨ ਤੇ ਇਨ੍ਹਾਂ ਵਿੱਚ 42.6 ਲੱਖ ਮਹਿਲਾ ਵੋਟਰ ਹਨ।

ਹਰਿਆਣਾ 'ਚ ਵੀ 90 ਵਿਧਾਨ ਸਭਾ ਹਲਕੇ ਹਨ ਤੇ ਇਥੇ 2 ਕਰੋੜ ਤੋਂ ਵੱਧ ਵੋਟਰ ਹਨ।

ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿੱਚ 90 ਵਿਧਾਨ ਸਭਾ ਹਲਕੇ ਹਨ, ਜਿਨ੍ਹਾਂ ਵਿੱਚ 74 ਜਨਰਲ, 9 ਐਸਟੀ ਅਤੇ 7 ਐਸਸੀ ਰਾਖਵੀਆਂ ਸੀਟਾਂ ਹਨ। ਕੁੱਲ 87.09 ਲੱਖ ਵੋਟਰ ਹਨ, ਜਿਨ੍ਹਾਂ ਵਿੱਚੋਂ 44.46 ਲੱਖ ਪੁਰਸ਼, 44.62 ਲੱਖ ਔਰਤਾਂ ਅਤੇ 169 ਟਰਾਂਸਜੈਂਡਰ ਹਨ। ਵੋਟਰਾਂ ਵਿੱਚ 82,590 ਅਪਾਹਜ ਵਿਅਕਤੀ, 73,943 ਬਜ਼ੁਰਗ ਨਾਗਰਿਕ, 2,660 ਸ਼ਤਾਬਦੀ ਅਤੇ 76,092 ਸੇਵਾ ਵੋਟਰ ਸ਼ਾਮਲ ਹਨ। ਉਨ੍ਹਾਂ ਕਿਹਾ, ਪਹਿਲੀ ਵਾਰ ਵੋਟਰਾਂ ਦੀ ਗਿਣਤੀ 3.71 ਲੱਖ ਹੈ।

10 ਸਾਲਾਂ ਬਾਅਦ ਹੋਣਗੀਆਂ ਚੋਣਾਂ ਉਨ੍ਹਾਂ ਅੱਗੇ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕ ਤਸਵੀਰ ਬਦਲਣਾ ਚਾਹੁੰਦੇ ਹਨ। ਚੋਣਾਂ ਲਈ ਹਰ ਕੋਈ ਉਤਾਵਲਾ ਹੈ। ਟੀਮ ਨੇ ਜੰਮੂ ਕਸ਼ਮੀਰ ਅਤੇ ਹਰਿਆਣਾ ਦਾ ਵੀ ਦੌਰਾ ਕੀਤਾ। ਅਸੀਂ ਮੌਸਮ ਦੇ ਸੁਧਰਨ ਦੀ ਉਡੀਕ ਕਰ ਰਹੇ ਸੀ। 2018 ਵਿੱਚ ਸਰਕਾਰ ਭੰਗ ਹੋਣ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਚੋਣਾਂ ਨਹੀਂ ਹੋਈਆਂ। ਪਿਛਲੀ ਵਾਰ ਇੱਥੇ ਵਿਧਾਨ ਸਭਾ ਚੋਣਾਂ 2014 ਵਿੱਚ ਹੋਈਆਂ ਸਨ, ਜਿਸ ਵਿੱਚ ਭਾਜਪਾ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀਡੀਪੀ) ਨੇ ਗਠਜੋੜ ਕੀਤਾ ਸੀ। ਹਾਲਾਂਕਿ, ਭਾਜਪਾ ਨੇ ਬਾਅਦ ਵਿੱਚ ਗਠਜੋੜ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਅਤੇ ਸਰਕਾਰ 2018 ਵਿੱਚ ਡਿੱਗ ਗਈ। ਇਸ ਦੌਰਾਨ ਜੰਮੂ-ਕਸ਼ਮੀਰ ਦੀ ਰਾਜਨੀਤੀ ਵਿੱਚ ਕਈ ਅਹਿਮ ਬਦਲਾਅ ਹੋਏ ਹਨ।

ਇਸਰੋ ਨੇ ਈਓਐੱਸ-8 ਨੂੰ ਸਫ਼ਲਤਾ ਨਾਲ ਲਾਂਚ ਕੀਤਾ

ਮੋਦੀ ਨੇ ਇਸਰੋ ਦੇ SSLV ਦੇ ਸਫ਼ਲ ਲਾਂਚ ਦੀ ਕੀਤੀ ਸ਼ਲਾਘਾ

ਸ੍ਰੀਹਰੀਕੋਟਾ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਅਰਥ ਆਬਜ਼ਰਵੇਸ਼ਨ ਸੈਟੇਲਾਈਟ-8 (ਈਓਐੱਸ-8) ਲਾਂਚ ਕੀਤਾ। ਇਸਰੋ ਦੇ ਮੁਖੀ ਐੱਸ. ਸੋਮਨਾਥ ਨੇ ਕਿਹਾ, 'ਐੱਸਐੱਸਐੱਲਵੀ-ਐੱਸਐੱਸਐੱਲਵੀ-ਡੀ3/ਈਓਐੱਸ-08 ਦੀ ਤੀਜੀ ਵਿਕਾਸ ਉਡਾਣ ਸਫਲ ਰਹੀ ਤੇ ਇਸ ਨੂੰ ਤੈਅ ਪੰਧ 'ਤੇ ਪਾ ਦਿੱਤਾ ਗਿਆ ਹੈ।ਰਾਕੇਟ ਨੂੰ ਚੇਨਈ ਤੋਂ ਲਗਪਗ 135 ਕਿਲੋਮੀਟਰ ਪੂਰਬ ਵਿੱਚ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਦੇ ਪਹਿਲੇ ਲਾਂਚ ਪੈਡ ਤੋਂ ਸਵੇਰੇ 9.17 ਵਜੇ ਲਾਂਚ ਕੀਤਾ ਗਿਆ। ਇਸ ਦੀ ਵਰਤੋਂ ਸੈਟੇਲਾਈਟ ਆਧਾਰਤ ਨਿਗਰਾਨੀ, ਆਫ਼ਤ ਨਿਗਰਾਨੀ, ਵਾਤਾਵਰਣ ਨਿਗਰਾਨੀ, ਅੱਗ ਲੱਗਣ ਦਾ ਪਤਾ ਲਾਉਣ, ਜਵਾਲਾਮੁਖੀ ਗਤੀਵਿਧੀ ਅਤੇ ਉਦਯੋਗਿਕ ਅਤੇ ਪਾਵਰ ਪਲਾਂਟ ਆਫ਼ਤ ਨਿਗਰਾਨੀ ਵਰਗੇ ਕੰਮਾਂ ਲਈ ਕੀਤੀ ਜਾ ਸਕਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਛੋਟੇ ਸੈਟੇਲਾਈਟ ਲਾਂਚ ਵਹੀਕਲ (ਐੱਸ.ਐੱਸ.ਐੱਲ.ਵੀ.) ਦੇ ਸਫ਼ਲ ਲਾਂਚਿੰਗ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਬੇਹੱਦ ਖੁਸ਼ੀ ਦਾ ਵਿਸ਼ਾ ਦੱਸਿਆ। ਉਨ੍ਹਾਂ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,'ਮੀਲ ਦਾ ਇਕ ਪੱਥਰ! ਇਸ ਉਪਲੱਬਧੀ ਲਈ ਸਾਡੇ ਵਿਗਿਆਨੀਆਂ ਅਤੇ ਉਦਯੋਗ ਜਗਤ ਨੂੰ ਵਧਾਈ। ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਭਾਰਤ ਕੋਲ ਹੁਣ ਇਕ ਨਵਾਂ ਲਾਂਚ ਵਾਹਨ ਹੈ। ਕਿਫ਼ਾਇਤੀ ਐੱਸ.ਐੱਸ.ਐੱਲ.ਵੀ. ਪੁਲਾੜ ਮਿਸ਼ਨਾਂ 'ਚ ਮਹੱਤਵਪੂਰਨ ਭੂਮਿਕਾ ਨਿਭਾਏਗਾ ਅਤੇ ਨਿੱਜੀ ਉਦਯੋਗ ਨੂੰ ਵੀ ਉਤਸ਼ਾਹਤ ਕਰੇਗਾ।" ਪ੍ਰਧਾਨ ਮੰਤਰੀ ਨੇ ਇਸ ਲਈ ਇਸਰੋ, ਨਿਊਸਪੇਸ ਇੰਡੀਆ ਲਿਮਟਿਡ ਸਮੇਤ ਹੋਰ ਸੰਸਥਾਵਾਂ ਅਤੇ ਉਦਯੋਗ ਜਗਤ ਨੂੰ ਵਧਾਈ ਦਿੱਤੀ। ਇਸਰੋ ਨੇ ਸ਼ੁੱਕਰਵਾਰ ਨੂੰ ਆਪਣੇ ਛੋਟੇ ਸੈਟੇਲਾਈਟ ਲਾਂਚ ਵਹੀਕਲ (ਐੱਸ.ਐੱਸ.ਐੱਲ.ਵੀ.) ਦੀ ਤੀਜੀ ਅਤੇ ਅੰਤਿਮ ਵਿਕਾਸਾਤਮਕ ਉਡਾਣ ਰਾਹੀਂ ਡੂ-ਲਾਂਚਿੰਗ ਸੈਟੇਲਾਈਟ ਈ.ਓ.ਐੱਸ.-08 ਅਤੇ ਐੱਸ.ਆਰ.-ਓ. ਡੇਮੋਸੈਟ ਸੈਟੇਲਾਈਟ ਨੂੰ ਉਨ੍ਹਾਂ ਦੀਆਂ ਤੈਅ ਜਮਾਤਾਂ 'ਚ ਸਫ਼ਲਤਾਪੂਰਵਕ ਸਥਾਪਤ ਕਰ ਦਿੱਤਾ। ਇਸ ਵਾਹਨ ਰਾਹੀਂ ਲਿਜਾਏ ਗਏ ਪੇਲੋਡ ਦਾ ਇਸਤੇਮਾਲ ਸੈਟੇਲਾਈਟ ਆਧਾਰਤ ਨਿਗਰਾਨੀ, ਆਫ਼ਤ ਅਤੇ ਵਾਤਾਵਰਣ ਨਿਗਰਾਨੀ, ਅੱਗ ਲੱਗਣ ਦਾ ਪਤਾ ਲਗਾਉਣ ਅਤੇ ਜਵਾਲਾਮੁਖੀ ਗਤੀਵਿਧੀ ਵਰਗੇ ਕਈ ਕੰਮਾਂ 'ਚ ਕੀਤਾ ਜਾਵੇਗਾ। ਐੱਲ.ਵੀ-ਡੀ3 ਦੀ ਇਸ ਉਡਾਣ ਨੇ ਛੋਟੇ ਸੈਟੇਲਾਈਟ ਲਾਂਚਿੰਗ ਵਹੀਕਲ ਦਾ ਉਪਯੋਗ ਕਰ ਕੇ ਲਾਂਚਿੰਗ ਕਰਨ ਦੇ ਮਕਸਦ ਨਾਲ ਉਦਯੋਗ ਅਤੇ ਇਸਰੋ ਦੀ ਵਣਜ ਸ਼ਾਖਾ 'ਨਿਊਸਪੇਸ ਇੰਡੀਆ ਲਿਮਟਿਡ' ਵਿਚਾਲੇ ਗਠਜੋੜ ਦਾ ਮਾਰਗ ਪੱਕਾ ਕਰ ਦਿੱਤਾ ਹੈ।

ਪੰਜਾਬ 'ਚ ਵੱਡਾ ਪ੍ਰਸ਼ਾਸਨਿਕ ਫੇਰਬਦਲ ! ਆਈ.ਏ.ਐਸ. 'ਤੇ ਪੀ.ਸੀ.ਐਸ. ਅਫ਼ਸਰਾਂ ਦੀ ਵੀ ਹੋਈ ਬਦਲੀ

ਚੰਡੀਗੜ੍ਹ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਵੱਡਾ ਪ੍ਰਸ਼ਾਸਨਿਕ ਫੇਰਬਦਲ ਕੀਤਾ ਗਿਆ ਹੈ। ਅੱਜ ਪਹਿਲਾਂ 4 ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦੇ ਤਬਾਦਲੇ ਕੀਤੇ ਗਏ ਸਨ, ਇਸ ਮਗਰੋਂ ਹੁਣ ਸਰਕਾਰ ਵੱਲੋਂ IAS ਤੇ PCS ਅਫ਼ਸਰਾਂ ਦੀ ਵੀ ਬਦਲੀ ਕਰ ਦਿੱਤੀ ਗਈ ਹੈ। ਇਸ ਸਬੰਧੀ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਵੱਲੋਂ ਲਿਖਤੀ ਹੁਕਮ ਵੀ ਜਾਰੀ ਕਰ ਦਿੱਤੇ ਗਏ ਹਨ।

ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮਾਂ ਮੁਤਾਬਕ 1 IAS ਅਤੇ 20 PCS ਅਫ਼ਸਰਾਂ ਦੇ ਤਬਾਦਲੇ ਕਰ ਦਿੱਤੇ ਗਏ ਹਨ। ਸੰਗਰੂਰ ਦੇ ਵਧੀਕ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਰਹੇ IAS ਅਫ਼ਸਰ ਆਕਾਸ਼ ਬੈਸਲ ਨੂੰ ਹੁਣ ਮਾਨਸਾ ਦੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ 20 PCS ਅਫ਼ਸਰਾਂ ਦੇ ਵੀ ਤਬਾਦਲੇ ਕੀਤੇ ਗਏ ਹਨ।

ਅਡਾਨੀ ਮਾਮਲੇ 'ਚ ਹਿੰਡਨਬਰਗ ਦੇ ਦੋਸ਼ ਤਾਂ ਮਾਮੂਲੀ ਨੇ, ਜੇਪੀਸੀ ਜਾਂਚ ਨਾਲ ਆਏਗਾ ਸਾਰਾ ਸੱਚ ਬਾਹਰ: ਕਾਂਗਰਸ

ਨਵੀਂ ਦਿੱਲੀ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਨੇ ਅੱਜ ਦਾਅਵਾ ਕੀਤਾ ਕਿ ਅਮਰੀਕੀ ਸੰਸਥਾ ਹਿੰਡਨਬਰਗ ਰਿਸਰਚ ਵੱਲੋਂ ਅਡਾਨੀ ਗਰੁੱਪ ਨਾਲ ਸਬੰਧਤ ਕਥਿਤ ਘਪਲੇ ਸਬੰਧੀ ਲਾਏ ਦੋਸ਼ ਮਾਮੂਲੀ ਹਨ ਅਤੇ ਸਾਰੀ ਸੱਚਾਈ ਸਾਂਝੀ ਸੰਸਦੀ ਕਮੇਟੀ ਦੀ ਜਾਂਚ ਤੋਂ ਹੀ ਸਾਹਮਣੇ ਆ ਸਕਦੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਸਾਰੀ ਸੱਚਾਈ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਦੀ ਜਾਂਚ ਤੋਂ ਹੀ ਸਾਹਮਣੇ ਆ ਸਕਦੀ ਹੈ। ਹਿੰਡਨਬਰਗ ਰਿਸਰਚ ਰਿਪੋਰਟ ਨੂੰ ਲੈ ਕੇ ਕਾਂਗਰਸ ਪਿਛਲੇ ਕਈ ਮਹੀਨਿਆਂ ਤੋਂ ਅਡਾਨੀ ਗਰੁੱਪ 'ਤੇ ਹਮਲੇ ਕਰ ਰਹੀ ਹੈ। ਅਡਾਨੀ ਸਮੂਹ ਨੇ ਆਪਣੇ 'ਤੇ ਲਗਾਏ ਗਏ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

10000 ਰੁਪਏ ਰਿਸ਼ਵਤ ਲੈਣ ਵਾਲੇ ਆਬਕਾਰੀ ਵਿਭਾਗ ਦੇ ਦੋ ਮੁਲਾਜ਼ਮਾਂ ਖਿਲਾਫ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦਾ ਕੇਸ ਦਰਜ

ਚੰਡੀਗੜ੍ਹ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਆਬਕਾਰੀ ਤੇ ਕਰ ਵਿਭਾਗ, ਪੰਜਾਬ ਦੇ ਕਪੂਰਥਲਾ ਵਿਖੇ ਤਾਇਨਾਤ ਦੋ ਕਰਮਚਾਰੀਆਂ ਜਤਿੰਦਰਪਾਲ ਸਿੰਘ, ਇੰਸਪੈਕਟਰ ਅਤੇ ਸੰਜੀਵ ਮਲਹੋਤਰਾ, ਕਲਰਕ ਵਿਰੁੱਧ 10,000 ਰੁਪਏ ਰਿਸ਼ਵਤ ਲੈਣ ਅਤੇ 20,000 ਰੁਪਏ ਦੀ ਹੋਰ ਰਿਸ਼ਵਤ ਮੰਗਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ। ਇਸ ਮੁਕੱਦਮੇ ਵਿੱਚ ਇੰਸਪੈਕਟਰ ਜਤਿੰਦਰਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਭੁਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਵੇਂ ਮੁਲਜ਼ਮਾਂ ਖਿਲਾਫ ਮੁਹੱਲਾ ਕਿਆਮਪੁਰਾ, ਕਪੂਰਥਲਾ ਸ਼ਹਿਰ ਦੇ ਵਸਨੀਕ ਨੀਰਜ ਸ਼ਰਮਾ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਹ ਕਪੂਰਥਲਾ ਸ਼ਹਿਰ ਦੇ ਕਿਆਮਪੁਰਾ ਵਿਖੇ ਬਿਜਲੀ ਦੇ ਸਮਾਨ ਦੀ ਇੱਕ ਦੁਕਾਨ ਚਲਾ ਰਿਹਾ ਹੈ ਅਤੇ ਉਸਨੇ ਮਾਰਚ ਮਹੀਨੇ ਵਿੱਚ ਇੱਕ ਕੂਲਰ ਵੇਚਿਆ ਸੀ ਤੇ ਕਿਸੇ ਕਾਰਨ ਕੂਲਰ ਖ਼ਰੀਦਣ ਵਾਲੇ ਗਾਹਕ ਨਾਲ ਕੋਈ ਵਿਵਾਦ ਹੋ ਗਿਆ ਸੀ ਜਿਸ ਦੇ ਨਿਪਟਾਰੇ ਲਈ ਉਕਤ ਦੋਵੇਂ ਮੁਲਜ਼ਮਾਂ ਨੇ ਦਖਲ ਦਿੱਤਾ ਸੀ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਉਕਤ ਦੋਵੇਂ ਮੁਲਜ਼ਮਾਂ ਨੇ ਉਸ ਨੂੰ ਮੋਬਾਈਲ ਫ਼ੋਨ 'ਤੇ ਆਪਣੇ ਲੇਖਾਕਾਰ ਨਾਲ ਦਫ਼ਤਰ ਆਉਣ ਲਈ ਕਿਹਾ, ਜਿੱਥੇ ਉਕਤ ਬਿੱਲ ਵਿੱਚ ਬੇਨਿਯਮੀਆਂ ਦੇ ਨਿਪਟਾਰੇ ਲਈ ਉਸ ਤੋਂ 45,000 ਰੁਪਏ ਰਿਸ਼ਵਤ ਦੀ ਮੰਗ ਕੀਤੀ।

ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਇਸ ਤੋਂ ਬਾਅਦ ਕਲਰਕ ਸੰਜੀਵ ਮਲਹੋਤਰਾ ਨੇ ਵਟਸਐਪ ਕਾਲ 'ਤੇ ਉਸ ਕੋਲੋਂ ਇਕ ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਪਰ ਸੌਦਾ 30000 ਰੁਪਏ 'ਚ ਤੈਅ ਹੋ ਗਿਆ ਅਤੇ ਉਸ ਨੇ ਅਗਲੇ ਦਿਨ ਪਹਿਲੀ ਕਿਸ਼ਤ ਵਜੋਂ 10000 ਰੁਪਏ ਲੈ ਲਏ ਅਤੇ ਹੁਣ ਉਹ ਬਕਾਇਆ 20000 ਰੁਪਏ ਦੀ ਮੰਗ ਕਰ ਰਹੇ ਸਨ। ਸ਼ਿਕਾਇਤਕਰਤਾ ਨੇ ਮੁਲਜ਼ਮ ਨਾਲ ਫੋਨ 'ਤੇ ਹੋਈ ਗੱਲਬਾਤ ਰਿਕਾਰਡ ਕਰਕੇ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਤੋਂ ਬਾਅਦ ਸ਼ਿਕਾਇਤਕਰਤਾ ਵੱਲੋਂ ਲਗਾਏ ਗਏ ਦੋਸ਼ ਸਹੀ-ਵ-ਦਰੁਸਤ ਪਾਏ ਗਏ ਹਨ ਕਿਉਂਕਿ ਇਹ ਜ਼ੁਬਾਨੀ ਸਬੂਤ ਵਜੋਂ ਪੇਸ਼ ਕੀਤੀ ਰਿਕਾਰਡਿਡ ਗੱਲਬਾਤ ਨਾਲ ਮੇਲ ਖਾਂਦੇ ਹਨ। ਇਸ ਤਫ਼ਤੀਸ਼ੀ ਰਿਪੋਰਟ ਦੇ ਆਧਾਰ 'ਤੇ ਦੋਵਾਂ ਮੁਲਜ਼ਮਾਂ ਵਿਰੁੱਧ ਐਫ਼ਆਈਆਰ ਨੰਬਰ 17 ਮਿਤੀ 14.8.24 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ ਆਈਪੀਸੀ ਦੀ ਧਾਰਾ 384, 120-ਬੀ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਮੁਲਜ਼ਮ ਇੰਸਪੈਕਟਰ ਜਤਿੰਦਰਪਾਲ ਸਿੰਘ ਨੂੰ ਅੱਜ ਉਸ ਦੇ ਦਫ਼ਤਰ ਕਪੂਰਥਲਾ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਦਕਿ ਮੁਲਜ਼ਮ ਸੰਜੀਵ ਮਲਹੋਤਰਾ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਤਿੰਨ ਨਵੇਂ ਰਾਜ ਸੂਚਨਾ ਕਮਿਸ਼ਨਰਾਂ ਨੂੰ ਅਹੁਦੇ ਦੀ ਸਹੁੰ ਚੁਕਾਈ

ਚੰਡੀਗੜ੍ਹ, 17 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਐਡਵੋਕੇਟ ਡਾ: ਭੁਪਿੰਦਰ ਸਿੰਘ ਬਾਠ , ਸੰਦੀਪ ਸਿੰਘ ਧਾਲੀਵਾਲ ਅਤੇ ਵਰਿੰਦਰਜੀਤ ਸਿੰਘ ਬਿਲਿੰਗ ਨੂੰ ਸੂਚਨਾ ਅਧਿਕਾਰ ਕਮਿਸ਼ਨ ਦੇ ਨਵੇਂ ਰਾਜ ਸੂਚਨਾ ਕਮਿਸ਼ਨਰਾਂ ਵਜੋਂ ਪੰਜਾਬ ਰਾਜ ਭਵਨ, ਚੰਡੀਗੜ੍ਹ ਵਿਖੇ ਅਹੁਦੇ ਦੀ ਸਹੁੰ ਚੁਕਾਈ।

ਇਸ ਸਹੁੰ ਚੁੱਕ ਸਮਾਗਮ ਦਾ ਸੰਚਾਲਨ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਨੇ ਕੀਤਾ। ਸਹੁੰ ਚੁੱਕ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਪੰਜਾਬ ਵਿਧਾ

ਨੌਜਵਾਨ ਦਾ ਕਤਲ ਕਰ ਆਲਟੋ ਲੁੱਟਣ ਦੇ ਮਾਮਲੇ 'ਚ ਹੋਇਆ ਸਨਸਨੀਖੇਜ ਖੁਲਾਸਾ

ਏਜੰਸੀਆਂ

ਲੁਧਿਆਣਾ/ਖੰਨਾ 17 ਅਗਸਤ। ਬੀਤੇ ਦਿਨੀਂ ਖੰਨਾ 'ਚ ਹੋਏ ਨੌਜਵਾਨ ਦੇ ਕਤਲ ਦੀ ਗੁੱਥੀ ਨੂੰ ਪੁਲਸ ਨੇ 32 ਘੰਟਿਆਂ ਦੇ ਅੰਦਰ ਹੀ ਸੁਲਝਾ ਲਿਆ ਹੈ। ਇਸ ਮਾਮਲੇ ਵਿਚ ਸਨਸਨੀਖੇਜ

ਖੁਲਾਸਾ ਹੋਇਆ ਹੈ। ਜਿਹੜਾ ਮਾਮਲਾ ਪਹਿਲੀ ਨਜਰੇ ਗੱਡੀ ਲੁੱਟਣ ਦਾ ਜਾਪਦਾ ਸੀ, ਉਹ ਨਿੱਜੀ ਰੰਜਿਸ਼ ਦਾ ਨਿਕਲਿਆ। ਪੁਲਸ ਨੇ ਕਤਲ ਦੇ ਦੋਸ਼ ਹੇਠ ਮ੍ਰਿਤਕ ਦੇ ਜਾਣਕਾਰ ਨੂੰ ਹੀ ਕਾਬੂ ਕੀਤਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਉਸ ਨੇ ਕਤਲ ਮਗਰੋਂ ਗੱਡੀ ਲੁੱਟ ਕੇ ਹੋਰ ਕਿਤੇ ਨਹੀਂ ਸਗੋਂ ਤਹਿਸੀਲ ਕੰਪਲੈਕਸ ਵਿਚ ਖੜ੍ਹੀ ਕਰ ਦਿੱਤੀ ਸੀ ਤੇ ਉੱਥੋਂ ਫਰਾਰ ਹੋ ਗਿਆ ਸੀ। 10 ਅਗਸਤ ਨੂੰ ਰਵੀ ਕੁਮਾਰ ਨਾਂ ਦਾ ਨੌਜਵਾਨ ਆਪਣੀ ਆਲਟੋ ਟੈਕਸੀ 'ਤੇ ਚੰਡੀਗੜ੍ਹ ਤੋਂ ਸਵਾਰੀਆਂ ਲੈ ਕੇ ਆ ਰਿਹਾ ਸੀ। ਉਸ ਨੇ ਘਰ ਫੋਨ ਕਰ ਕੇ ਦੱਸਿਆ ਕਿ ਉਸ ਨੂੰ ਕੋਈ ਗੋਲੀ ਮਾਰ ਕੇ ਗੱਡੀ ਖੋਹ ਕੇ ਲੈ ਗਿਆ ਹੈ। ਜਦੋਂ ਪਰਿਵਾਰ ਵਾਲੇ ਮੁੰਡੇ ਦੀ ਭਾਲ ਕਰਦੇ ਉੱਥੇ ਪਹੁੰਚੇ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਮ੍ਰਿਤਕ ਦੇ ਪਿਤਾ ਵੱਲੋਂ ਦਿੱਤੀ ਸ਼ਿਕਾਇਤ ਦੇ ਅਧਾਰ 'ਤੇ ਐੱਫ.ਆਈ.ਆਰ. ਦਰਜ ਕਰ ਦਿੱਤੀ ਸੀ। ਪੁਲਸ ਨੇ ਵਿਗਿਆਨਕ ਅਤੇ ਤਕਨੀਕੀ ਪੱਖ ਤੋਂ ਤਫਤੀਸ਼ ਕਰਦਿਆਂ ਪਿੰਡ ਮਨਸੂਲਪੁਰ, ਥਾਣਾ ਮਨਸੂਲਪੁਰ, ਜ਼ਿਲ੍ਹਾ ਮੁਜੱਫਰਨਗਰ, ਉੱਤਰ ਪ੍ਰੇਦਸ ਦੇ ਰਹਿਣ ਵਾਲੇ ਮੁਲਜਮ ਸਤਪਾਲ ਪੁੱਤਰ ਸੋਨੂ ਰਾਮ ਵਾਸੀ ਮਕਾਨ ਨੰਬਰ 352, ਰਾਮ ਦਰਬਾਰ, ਫੇਸ 01, ਚੰਡੀਗੜ੍ਹ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 1 ਦੇਸੀ ਪਿਸਟਲ 32 ਬੋਰ, 02 ਮੈਗਜੀਨ, 06 ਜਿੰਦਾ ਰੌਂਦ ਬਰਾਮਦ ਕੀਤਾ ਗਿਆ। ਦੋਸੀ ਦੀ ਪੁੱਛਗਿਛ ਅਤੇ ਉਸ ਦੀ ਨਿਸਾਨਦੇਹੀ 'ਤੇ ਰਵੀ ਦੀ ਆਲਟੋ ਗੱਡੀ ਨੂੰ ਡੇਰਾਬੱਸੀ ਦੀ ਪੁਰਾਣੀ ਤਹਿਸੀਲ ਦੀ ਪਾਰਕਿੰਗ ਵਿੱਚੋਂ ਬਰਾਮਦ ਕਰ ਲਿਆ ਗਿਆ। ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਸਤਪਾਲ ਅਤੇ ਮ੍ਰਿਤਕ ਰਵੀ ਕੁਮਾਰ ਇਕ ਹੀ ਇਲਾਕੇ ਦੇ ਰਹਿਣ ਵਾਲੇ ਹਨ ਅਤੇ ਇਕ ਦੂਜੇ ਦੇ ਜਾਣਕਾਰ ਹਨ। ਸਤਪਾਲ ਵੱਲੋਂ ਨਿੱਜੀ ਰੰਜਿਸ ਤਹਿਤ ਰਵੀ ਕੁਮਾਰ ਦਾ ਕਤਲ ਕੀਤਾ ਗਿਆ ਹੈ। ਫਿਰ ਵੀ ਦੋਸੀ ਸਤਪਾਲ ਉਕਤ ਪਾਸੇ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ।

ਸੂਬੇ 'ਚ 90 ਫੀਸਦੀ ਖਪਤਕਾਰ ਮੁਫਤ ਬਿਜਲੀ ਦੀ ਸਹੂਲਤ ਦਾ ਆਨੰਦ ਲੈ ਰਹੇ ਹਨ: ਹਰਭਜਨ ਸਿੰਘ

ਸਰਦੂਲ ਸਿੰਘ

ਮੋਗਾ 17 ਅਗਸਤ। ਪੰਜਾਬ ਦੇ ਬਿਜਲੀ ਵਿਭਾਗ ਅਤੇ ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਦਾਅਵੇ ਨਾਲ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦੇ ਚੱਲਦਿਆਂ ਅੱਜ ਸੂਬੇ ਦੇ 90 ਫੀਸਦੀ ਖਪਤਕਾਰ ਮੁਫਤ ਬਿਜਲੀ ਦੀ ਸਹੂਲਤ ਦਾ ਆਨੰਦ ਲੈ ਰਹੇ ਹਨ। ਉਹ ਹਲਕਾ ਧਰਮਕੋਟ ਦੇ ਪਿੰਡ ਚੱਕ ਤਾਰੇਵਾਲਾ ਵਿਖੇ 66 ਕੇ.ਵੀ ਸਬ ਸਟੇਸਨ ਅਤੇ ਪਿੰਡ ਡਗਰੂ ਵਿਖੇ ਉਪ ਮੰਡਲ ਦਫਤਰ ਦੀ ਬਿਲਡਿੰਗ ਦੀ ਇਮਾਰਤ ਦਾ ਨੀਂਹ ਪੱਥਰ ਰੱਖਣ ਲਈ ਵਿਸੇਸ ਤੌਰ 'ਤੇ ਪਹੁੰਚੇ ਸਨ। ਵੱਖ-ਵੱਖ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਹਰਭਜਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਚੋਣ ਵਾਅਦੇ ਪੂਰੇ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ। ਪੰਜਾਬ ਦੇਸ ਦਾ ਉਹ ਸੂਬਾ ਹੈ ਜਿੱਥੇ ਬਿਨਾ ਕਿਸੇ ਵਿਤਕਰੇ ਤੋਂ ਖਪਤਕਾਰਾਂ ਨੂੰ 600 ਯੂਨਿਟ ਮੁਫਤ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਦੀ ਕਿੱਲਤ ਵੀ ਨਹੀਂ ਆਉਣ ਦਿੱਤੀ। ਬਿਜਲੀ ਦੀ ਮੰਗ ਪੂਰੀ ਕਰਨ ਲਈ ਪੈਦਾਵਾਰ ਵੀ ਵਧਾਈ ਹੈ। ਪਹਿਲੀ ਵਾਰ ਕਿਸੇ ਸਰਕਾਰ ਨੇ ਇਕ ਨਿੱਜੀ ਥਰਮਲ ਪਲਾਂਟ ਖਰੀਦਿਆ ਹੈ। ਸਾਲ 2015 ਤੋਂ ਬੰਦ ਪਈ ਕੋਲੇ ਦੀ ਪਛਵਾੜਾ ਖਾਣ (ਝਾਰਖੰਡ) ਨੂੰ ਮੁੜ ਚਾਲੂ ਕੀਤਾ ਹੈ। ਜਿਸ ਨਾਲ ਪੰਜਾਬ ਨੂੰ 1200 ਕਰੋੜ ਰੁਪਏ ਦਾ ਸਾਲਾਨਾ ਫਾਇਦਾ ਹੋਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਜਦੋਂ ਸੱਤਾ ਸੰਭਾਲੀ ਸੀ ਉਸ ਵੇਲੇ ਬਿਜਲੀ ਬੋਰਡ

1888 ਕਰੋੜ ਰੁਪਏ ਦੇ ਘਾਟੇ ਵਿੱਚ ਸੀ ਜੋ ਕਿ ਹੁਣ 900 ਕਰੋੜ ਰੁਪਏ ਵਾਧੇ ਵਿੱਚ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪਿੰਡ ਚੱਕ ਤਾਰੇਵਾਲਾ ਵਿਖੇ 66 ਕੇ.ਵੀ ਸਬ ਸਟੇਸਨ ਦਾ ਨੀਂਹ ਪੱਥਰ ਰੱਖਿਆ। ਨਵੇਂ ਬਣ ਰਹੇ 66 ਕੇ.ਵੀ. ਸਬ ਸਟੇਸ਼ਨ ਤਾਰੇਵਾਲ ਅਧੀਨ ਉਪ ਮੰਡਲ ਭਿੰਡਰ ਕਲਾਂ ਵਿੱਚ ਲਗਭਗ 7 ਕਰੋੜ ਰੁਪਏ ਨਾਲ ਇਸ ਉਪ ਮੰਡਲ ਅਧੀਨ ਪੈਂਦੇ ਅਨੇਕਾਂ ਪਿੰਡ ਜਿਵੇਂ ਕਿ ਤਾਰੇਵਾਲਾ, ਜਿੰਦੜਾ, ਚੱਕ ਤਾਰੇਵਾਲਾ,ਇੱਜਤਵਾਲਾ, ਕੰਨੀਆਂ, ਘੱਟੀ ਜੱਟਾਂ, ਕੇਰਾਂ, ਸੋਸਾਇਟੀ, ਰੌਸ਼ਣਵਾਲਾ, ਨਸੀਰੇਵਾਲਾ ਇਹਨਾਂ ਪਿੰਡਾਂ ਨੂੰ ਸ਼ਹਿਰੀ ਅਤੇ ਦਿਹਾਤੀ ਸਪਲਾਈ ਨਿਰਵਿਘਨ ਦੇਣ ਵਿੱਚ ਇਸ ਸਬ ਸਟੇਸ਼ਨ ਦਾ ਬਹੁਤ ਵੱਡਾ ਯੋਗਦਾਨ ਹੋਵੇਗਾ। ਇਹ ਗ੍ਰਿਡ 9 ਮਹੀਨੇ ਵਿੱਚ ਮੁਕੰਮਲ ਹੋ ਜਾਵੇਗਾ। ਇਸੇ ਤਰ੍ਹਾਂ ਉਪ ਮੰਡਲ ਡਗਰੂ ਦਫਤਰ ਦੀ ਬਿਲਡਿੰਗ ਲਗਭਗ 1 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੀ ਹੈ, ਇਸਦੀ ਪੁਰਾਣੀ ਬਿਲਡਿੰਗ ਸਰਵੇ-ਆਫ ਹੋ ਚੁੱਕੀ ਸੀ ਅਤੇ ਇਸ ਬਿਲਡਿੰਗ ਬਣਨ ਨਾਲ ਇਲਾਕੇ ਦੇ ਵੱਡਮੁੱਲੇ ਖਪਤਕਾਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਇਸ ਨਵੇਂ ਬਣ ਰਹੇ ਦਫਤਰ ਦਾ ਮਹੱਤਵਪੂਰਨ ਯੋਗਦਾਨ ਹੋਵੇਗਾ। ਇਹ ਇਮਾਰਤ ਵੀ 4 ਮਹੀਨੇ ਵਿੱਚ ਬਣ ਕੇ ਤਿਆਰ ਹੋ ਜਾਵੇਗੀ। ਵੱਖ-ਵੱਖ ਸਮਾਗਮਾਂ ਦੌਰਾਨ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਅਤੇ ਹਲਕਾ ਮੋਗਾ ਦੇ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ ਨੇ ਆਪਣੇ ਇਲਾਕੇ ਦੀਆਂ ਲੋੜਾਂ ਤੋਂ ਜਾਣੂ ਕਰਵਾਇਆ ਉਥੇ ਹੀ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਰਮਨਦੀਪ ਸਿੰਘ ਬਰਾੜ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀਪਕ ਅਰੋੜਾ, ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚੰਨੀ, ਮਾਰਕੀਟ ਕਮੇਟੀ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ ਅਤੇ ਹੋਰ ਪ੍ਰਮੁੱਖ ਸਖਸੀਅਤਾਂ ਵੀ ਹਾਜਰ ਸਨ।

ਭਾਜਪਾ ਵਿਧਾਇਕ ਕੇਤਕੀ ਸਿੰਘ ਸਣੇ ਤਿੰਨ ਨੂੰ ਜਾਨ ਤੋਂ ਮਾਰਨ ਦੀ ਧਮਕੀ

ਬਲੀਆ 17 ਅਗਸਤ। ਉੱਤਰ ਪ੍ਰਦੇਸ ਦੇ ਬਲੀਆ ਜ਼ਿਲ੍ਹੇ ਦੇ ਬੰਸਡੀਹ ਵਿਧਾਨ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਕੇਤਕੀ ਸਿੰਘ ਸਮੇਤ ਤਿੰਨ ਲੋਕਾਂ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਜਾਨੋਂ ਮਾਰਨ ਦੀ ਧਮਕੀ ਵਾਲੀ ਚਿੱਠੀ ਬੁੱਧਵਾਰ ਨੂੰ ਵੱਖ-ਵੱਖ ਕੰਧਾਂ 'ਤੇ ਚਿਪਕਾਉਣ ਦੇ ਮਾਮਲੇ 'ਚ ਪੁਲਸ ਨੇ ਅਣਪਛਾਤੇ ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਐੱਸਪੀ ਵਿਕਰਾਂਤ ਵੀਰ ਨੇ ਦੱਸਿਆ ਕਿ ਪੁਲਸ ਇਸ ਮਾਮਲੇ ਦੀ ਜਾਂਚ ਵਿੱਚ ਜੁਟੀ ਹੋਈ ਹੈ। ਪੁਲਸ ਮੁਤਾਬਕ ਬੁੱਧਵਾਰ ਨੂੰ ਬਾਂਸਡੀਹ ਅਤੇ ਬੇਰੂਰਬਾੜੀ ਖੇਤਰਾਂ 'ਚ ਕਈ ਥਾਵਾਂ 'ਤੇ ਕੰਧਾਂ 'ਤੇ ਧਮਕੀ ਭਰੇ ਪੱਤਰ ਚਿਪਕਾਏ ਹੋਏ ਮਿਲੇ, ਜਿਸ 'ਚ ਬਾਂਸਡੀਹ ਵਿਧਾਨ ਸਭਾ ਹਲਕੇ ਦੀ ਭਾਜਪਾ ਵਿਧਾਇਕ ਕੇਤਕੀ ਸਿੰਘ ਦੇ ਨਾਲ-ਨਾਲ ਭਾਨੂ

ਦੂਬੇ ਅਤੇ ਸੁਭਮ ਚੌਬੇ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ। ਪੱਤਰ ਮੁਤਾਬਕ ਬੰਸਡੀਹ 'ਚ ਹੋਏ ਕਤਲ ਦੀ ਤਰ੍ਹਾਂ ਇਨ੍ਹਾਂ ਤਿੰਨਾਂ ਦੀ ਹੱਤਿਆ 2024 'ਚ ਹੋਵੇਗੀ। ਚਿੱਠੀ ਦੇ ਨਾਲ-ਨਾਲ ਦਸ ਰੁਪਏ ਦੇ ਨੋਟ ਦੀ ਵੀ ਫੋਟੋ ਹੈ। ਸੁਖਪੁਰਾ ਥਾਣੇ ਦੇ ਇੰਚਾਰਜ ਯੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ ਭਾਰਤੀ ਨਿਆਂ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਬੇਰੂਰਬਾੜੀ ਚੌਕੀ ਦੇ ਇੰਚਾਰਜ ਨੂੰ ਸੌਂਪ ਦਿੱਤੀ ਗਈ ਹੈ। ਭਾਜਪਾ ਵਿਧਾਇਕ ਕੇਤਕੀ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਉਨ੍ਹਾਂ ਨੇ ਪੁਲਸ ਸੁਪਰਡੈਂਟ ਵਿਕਰਾਂਤ ਵੀਰ ਨੂੰ ਪੂਰੇ ਘਟਨਾਕ੍ਰਮ ਤੋਂ ਜਾਣੂ ਕਰਵਾ ਦਿੱਤਾ ਹੈ ਅਤੇ ਮੈਨੂੰ ਨਹੀਂ ਲੱਗਦਾ ਕਿ ਯੋਗੀ ਆਦਿਤਿਆਨਾਥ ਸਰਕਾਰ ਵਿੱਚ ਕੋਈ ਅਜਿਹਾ ਕਰਨ ਦੀ ਹਿੰਮਤ ਕਰ ਸਕਦਾ ਹੈ। ਐਸਪੀ ਵਿਕਰਾਂਤ ਵੀਰ ਨੇ ਦੱਸਿਆ ਕਿ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੁਲਸ ਜਾਂਚ ਵਿੱਚ ਜੁਟੀ ਹੋਈ ਹੈ।

ਗਲੀ 'ਚੋਂ ਟਰੈਕਟਰ ਲੰਘਾਉਣ ਨੂੰ ਲੈ ਕੇ ਦੋ ਧਿਰਾਂ 'ਚ ਹੋਈ ਖੂਨੀ ਝੜਪ

ਮੋਗਾ 17 ਅਗਸਤ। ਮੋਗਾ ਦੇ ਪਿੰਡ ਤਰਖਾਣ ਵੱਧ ਵਿਖੇ ਗਲੀ ਵਿੱਚੋਂ ਸਪੀਕਰ ਦੀ ਉੱਚੀ ਆਵਾਜ ਛੱਡ ਕੇ ਟਰੈਕਟਰ ਲੰਘਾਉਣ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਝੜਪ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਟਰੈਕਟਰ ਚਾਲਕ ਵੱਲੋਂ ਘਰ ਦੇ ਗੇਟ ਵਿੱਚ ਟਰੈਕਟਰ ਮਾਰ ਕੇ ਗੇਟ ਢਾਹੁਣ ਦੀ ਕੋਸ਼ਿਸ਼ ਵੀ ਕੀਤੀ ਗਈ। ਇਸ ਤੋਂ ਬਾਅਦ ਉਸ ਨੇ ਆਪਣੇ ਦੋਸਤਾਂ ਨੂੰ ਬੁਲਾ ਕੇ ਨੌਜਵਾਨ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ। ਇਹ ਸਾਰੀ ਘਟਨਾ ਮੌਕੇ 'ਤੇ ਲੱਗੇ ਸੀਸੀਟੀਵੀ ਵਿੱਚ ਕੈਦ ਹੋ ਗਈ ਹੈ। ਸਿਵਲ ਹਸਪਤਾਲ ਵਿੱਚ ਜੇਰੇ ਇਲਾਜ ਗੁਰਪ੍ਰੇਮ ਸਿੰਘ ਨੇ ਦੱਸਿਆ ਕਿ ਪਿੰਡ ਦੇ ਹੀ ਕੁਝ ਵਿਅਕਤੀ ਸਾਡੀ ਗਲੀ ਵਿੱਚੋਂ ਟਰੈਕਟਰ ਲੰਘਾ ਰਹੇ ਸਨ ਅਤੇ ਸਾਡੀ ਗਲੀ ਵਿੱਚ ਅਸੀਂ ਆਪਣੀ ਗੱਡੀ ਬੈਕ ਕਰ ਰਹੇ ਸੀ। ਟਰੈਕਟਰ ਚਾਲਕਾਂ ਨੇ ਉੱਚੀ ਆਵਾਜ ਨਾਲ ਡੈੱਕ ਲਗਾਇਆ ਹੋਇਆ ਸੀ ਅਤੇ ਉਹ ਸਰਾਬ ਦੇ ਨਸੇ ਵਿੱਚ ਧੁੱਤ ਸਨ। ਉਨ੍ਹਾਂ ਨੇ ਪਹਿਲਾਂ ਸਾਡੇ ਨਾਲ ਲੜਨ ਦੀ ਕੋਸਿਸ ਕੀਤੀ ਅਤੇ ਫਿਰ ਘਰ ਦੇ ਗੇਟ ਵਿੱਚ ਟਰੈਕਟਰ ਮਾਰੇ ਅਤੇ ਕੰਧਾਂ ਵੀ ਢਾਹ ਦਿੱਤੀਆਂ। ਇਸ ਤੋਂ ਬਾਅਦ ਉਨ੍ਹਾਂ ਨੇ 10-12 ਮੁੰਡੇ ਬੁਲਾ ਕੇ ਮੇਰੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ। ਜਿਸ ਤੋਂ ਬਾਅਦ ਅਸੀਂ ਪੁਲਸ ਨੂੰ ਸੂਚਿਤ ਕੀਤਾ ਪਰ ਮੌਕੇ 'ਤੇ ਪੁਲਸ ਨਹੀਂ ਪੁੱਜੀ ਅਤੇ ਮੇਰੇ ਗਲੀ ਦੇ ਲੋਕਾਂ ਨੇ ਮੈਨੂੰ ਜਖਮੀ ਹਾਲਤ ਵਿੱਚ ਸਿਵਲਾ ਹਸਪਤਾਲ ਵਿੱਚ ਦਾਖਲ ਕਰਵਾਇਆ। ਪੀੜਿਤ ਪਰਿਵਾਰ ਨੇ ਪੁਲਸ ਮੁਖੀ ਤੋਂ ਇਨਸਾਫ ਦੀ ਮੰਗ ਕੀਤੀ ਹੈ। ਉਧਰ ਇਸ ਸੰਬੰਧੀ ਜਦੋਂ ਜਾਂਚ ਅਧਿਕਾਰੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਖਮੀ ਵਿਅਕਤੀਆ ਦੇ ਬਿਆਨ ਲਏ ਜਾ ਰਹੇ ਹਨ ਅਤੇ ਦੋਸੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਅਧਿਆਤਮਿਕ ਗੁਰੂ ਰਵੀ ਸ਼ੰਕਰ ਨੇ ਕੋਲਕਾਤਾ ਕਾਂਡ 'ਤੇ ਦਿੱਤੇ ਵਿਚਾਰ, ਕਿਹਾ- 'ਸਮਾਜ 'ਚ ਹੈ ਜਾਗਰੂਕਤਾ ਦੀ ਕਮੀ'

ਕਿਸ਼ਨ ਪਾਲ

ਨੈਸ਼ਨਲ ਡੈਸਕ 17 ਅਗਸਤ। ਆਰ.ਜੀ. ਕਾਰ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਮਹਿਲਾ ਨਰਸ ਨਾਲ ਹੋਏ ਅਣਮਨੁੱਖੀ ਜਬਰ-ਜਨਾਹ ਤੋਂ ਬਾਅਦ ਕਤਲ ਦਾ ਮਾਮਲਾ ਦੇਸ਼ 'ਚ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ। ਮ੍ਰਿਤਕ ਮਹਿਲਾ ਨਰਸ ਨੂੰ ਨਿਆਂ ਦਿਵਾਉਣ ਲਈ ਦੇਸ਼ ਦੇ ਕਈ ਮੈਡੀਕਲ ਸੰਗਠਨਾਂ ਨੇ ਹੜਤਾਲ ਦਾ ਐਲਾਨ ਕੀਤਾ ਹੋਇਆ ਹੈ ਤੇ ਇਸ ਦੌਰਾਨ ਮਰੀਜਾਂ ਨੂੰ ਐਮਰਜੈਂਸੀ ਤੋਂ ਇਲਾਵਾ ਹੋਰ ਸੇਵਾਵਾਂ ਨਿਰਧਾਰਿਤ ਸਮੇਂ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਗਿਆ ਹੈ। ਇਸੇ ਦੌਰਾਨ ਅਧਿਆਤਮਿਕ ਗੁਰੂ ਅਤੇ 'ਆਰਟ ਆਫ ਲਿਵਿੰਗ' ਦੇ ਸੰਸਥਾਪਕ ਸ੍ਰੀ ਸ੍ਰੀ ਰਵੀ ਸੰਕਰ ਨੇ ਇਸ ਮਾਮਲੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਹਾਲ ਹੀ ਦੇ ਦਿਨਾਂ 'ਚ ਇੱਕ ਬਹੁਤ ਹੀ ਅਣਸੁਖਾਵੀਂ ਘਟਨਾ ਵਾਪਰੀ ਹੈ ਜਿਸ ਨੇ ਸਮਾਜ ਵਿੱਚ ਨਿਰਾਸਾ ਫੈਲਾਈ ਹੈ ਤੇ ਨੈਤਿਕਤਾ ਦੀ ਘਾਟ ਨੂੰ ਦਰਸਾਉਂਦੀ ਹੈ। ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸੋਚਣ ਵਾਲੀ ਹੈ ਕਿ ਨਵਰਾਤਰੀ ਦਾ ਤਿਉਹਾਰ ਆਉਣ ਵਾਲਾ ਹੈ। ਲੋਕ ਨੱਚ-ਟੱਪ ਰਹੇ ਹਨ ਤੇ ਪਾਰਟੀ ਕਰ ਰਹੇ ਹਨ। ਇਹ ਸਭ ਕੁਝ ਹੋ ਰਿਹਾ ਹੈ, ਪਰ ਬਦਕਿਸਮਤੀ ਨਾਲ,

ਦੇਸ਼ ਦੇ ਕਈ ਹਿੱਸੇ ਹਾਲੇ ਵੀ ਬਹੁਤੇ ਸੁਰੱਖਿਅਤ ਨਹੀਂ ਹਨ। ਅਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਤੇ ਮਜਬੂਤੀ ਨਾਲ ਉਨ੍ਹਾਂ ਮਾਮਲਿਆਂ ਦੇ ਮੁਲਜਮਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਔਰਤਾਂ, ਬੱਚਿਆਂ ਤੇ ਬਜੁਰਗਾਂ 'ਤੇ ਅਜਿਹੇ ਕਿਸੇ ਵੀ ਅੱਤਿਆਚਾਰ ਦੀ ਸਖਤ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਅਸੀਂ ਸਮਾਜ ਦੇ ਸੱਭਿਆਚਾਰ ਨੂੰ ਗਲਤ ਰਾਹ 'ਤੇ ਨਹੀਂ ਜਾਣ ਦੇ ਸਕਦੇ। ਅਸੀਂ ਆਪਣੇ ਸਮਾਜ ਨੂੰ ਅਜਿਹੇ ਗਲਤ ਰਸਤੇ 'ਤੇ ਨਹੀਂ ਜਾਣ ਦੇ ਸਕਦੇ। ਇਸ ਦੌਰਾਨ ਬੇਕਾਬੂ ਹੋਈ ਭੀੜ ਹਿੰਸਾ 'ਤੇ ਉਤਰ ਆਉਂਦੀ ਹੈ ਤੇ ਹਿੰਸਾ ਸਾਡੇ ਸਮਾਜ ਦਾ ਹਿੱਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ 'ਚ ਜਾਗਰੂਕਤਾ ਦੀ ਲੋੜ ਹੈ ਤੇ ਇਸ ਖੇਤਰ 'ਚ ਬਹੁਤ ਕੰਮ ਕਰਨ ਦੀ ਲੋੜ ਹੈ। ਇਹ ਵੀ ਬਹੁਤ ਗੰਭੀਰ ਮੁੱਦਾ ਹੈ ਕਿ ਜੋ ਡਾਕਟਰ ਰੱਬ ਦਾ ਰੂਪ ਮੰਨੇ ਜਾਂਦੇ ਹਨ ਤੇ ਲੋਕਾਂ ਦੀਆਂ ਕੀਮਤੀਂ ਜਾਨਾਂ ਬਚਾਉਂਦੇ ਹਨ, ਉਨ੍ਹਾਂ ਨੂੰ ਹੀ ਹਿੰਸਾ ਤੇ ਹ